ਸਾਂਝੀ ਸੋਚ SANJHI SOCH HD
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ'ਤੇ ਪਹਿਰਾ
VOL-11 ISSUE 1732 | 6 May, 2024 Monday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ. ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 90418 78800

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਕੈਲੀਫੋਰਨੀਆ ਰਾਜ ਦੀ ਫਰਿਜ਼ਨੋ ਸਿਟੀ ਦੇ ਰਾਜ ਸਿੰਘ ਬਦੇਸ਼ਾ ਪਹਿਲਾ ਸਿੱਖ ਫਰਿਜ਼ਨੋ ਕਾਉਂਟੀ ਸੁਪੀਰੀਅਰ ਕੋਰਟ ਦਾ ਜੱਜ ਬਣਿਆ

**ਕੈਲੀਫੋਰਨੀਆ ਸਾਂਝੀ ਸੋਚ ਬਿਊਰੋ**

2022 ਤੋਂ ਫਰਿਜ਼ਨੋ ਸਿਟੀ ਅਟਾਰਨੀ ਦੇ ਦਫਤਰ ਵਿੱਚ ਮੁੱਖ ਸਹਾਇਕ ਸਿਟੀ ਅਟਾਰਨੀ ਦੇ ਵਜੋਂ ਕੰਮ ਕਰਨ ਵਾਲਾ ਪਹਿਲਾ ਸਿੱਖ ਰਾਜ ਸਿੰਘ ਬਦੇਸ਼ਾ ਨੂੰ ਕੈਲੀਫੋਰਨੀਆ ਸੂਬੇ ਦੀ ਫਰਿਜਨੋ ਸਿਟੀ ਦੀ ਸੁਪੀਰੀਅਰ ਕੋਰਟ ਵਿੱਚ ਜੱਜ ਦੇ ਵਜੋਂ ਸੇਵਾ ਨਿਯੁੱਕਤ ਕੀਤਾ ਗਿਆ ਹੈ।ਰਾਜ ਸਿੰਘ ਬਦੇਸ਼ਾ ਨੇ 2022 ਤੋਂ ਫਰਿਜ਼ਨੋ ਸਿਟੀ ਅਟਾਰਨੀ ਦੇ ਦਫਤਰ ਵਿੱਚ ਚੀਫ ਅਸਿਸਟੈਂਟ ਸਿਟੀ ਦੇ ਅਟਾਰਨੀ ਵਜੋਂ ਸੇਵਾ ਨਿਭਾਈ ਹੈ।ਅਤੇ ਉਹ 2012 ਤੋਂ ਉੱਥੇ ਹੀ ਕਈ ਅਹਿਮ ਭੂਮਿਕਾਵਾਂ ਨਿਭਾਂ ਚੁਕਿਆ ਹੈ। ਉਹ 2008 ਤੋਂ 2012 ਤੱਕ ਬੇਕਰ ਮੈਨੋਕ ਐਂਡ ਜੇਨਸਨ ਵਿੱਚ ਵੀ ਇੱਕ ਐਸੋਸੀਏਟ ਸੀ।ਬਦੇਸ਼ਾ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਕਾਲਜ ਆਫ ਦਾ ਲਾਅ, ਸੈਨ ਫਰਾਂਸਿਸਕੋ ਤੋਂ ਜੂਰੀਸ ਡਾਕਟਰ ਦੀ ਡਿਗਰੀ ਹਾਸਲ ਕੀਤੀ ਹੈ।ਅਤੇ ਉਹ ਜੱਜ ਜੋਨ ਐਨ ਕਪੇਟਨ ਦੀ ਸੇਵਾਮੁਕਤੀ ਨਾਲ ਪੈਦਾ ਹੋਈ ਖਾਲੀ ਅਹੁਦੇ ਤੇ ਨਾਮਜਦ ਕੀਤਾ ਗਿਆ ਹੈ।ਸਿੱਖ ਨੋਜਵਾਨ ਇੱਕ ਲੋਕਤੰਤਰਵਾਦੀ ਹੈ।ਫਰਿਜਨੋ ਕਾਉਂਟੀ ਸੁਪੀਰੀਅਰ ਕੋਰਟ, ਜਿਸ ਨੂੰ ਕੈਲੀਫੋਰਨੀਆ ਦੀ ਸੁਪੀਰੀਅਰ ਕੋਰਟ, ਕਾਉਂਟੀ ਆਫ ਫਰਿਜ਼ਨੋ ਵੀ ਕਿਹਾ ਜਾਂਦਾ ਹੈ, ਫਰਿਜ਼ਨੋ ਕਾਉਂਟੀ ਦੇ ਅਧਿਕਾਰ ਖੇਤਰ ਵਾਲੀ ਕੈਲੀਫੋਰਨੀਆ ਦੀ ਇਹ ਉੱਚ ਅਦਾਲਤ ਦੀ ਸ਼ਾਖਾ ਹੈ।ਜਿੱਥੇ ਹਰੇਕ ਕਾਉਂਟੀ ਵਿੱਚ ਸਿਵਲ ਅਤੇ ਫੌਜਦਾਰੀ ਕੇਸਾਂ ਦੀ ਸੁਣਵਾਈ ਲਈ ਇਹ ਇੱਕ ਉੱਚ ਅਦਾਲਤ ਹੈ। ਉੱਚ ਅਦਾਲਤਾਂ ਦਾ ਆਕਾਰ 1 ਤੋਂ 55 ਸ਼ਾਖਾਵਾਂ ਤੱਕ ਹੁੰਦਾ ਹੈ। ਇੱਕ ਉੱਚ ਅਦਾਲਤ ਇੱਕ ਹੇਠਲੀ ਅਦਾਲਤ ਹੈ ਜਿਸ ਵਿੱਚ ਇੱਕ ਜੱਜ ਜਾਂ ਜਿਊਰੀ ਗਵਾਹਾਂ ਦੀ ਗਵਾਹੀ ਅਤੇ ਹੋਰ ਸਬੂਤਾਂ ਦੁਆਰਾ ਪੇਸ਼ ਕੀਤੇ ਤੱਥਾਂ ਨੂੰ ਕਾਨੂੰਨ ਨੂੰ ਲਾਗੂ ਕਰਕੇ ਕੇਸਾਂ ਦਾ ਫੈਸਲਾ ਸੁਣਾਉਦੀ ਹੈ।ਕੈਲੀਫੋਰਨੀਆ ਰਾਜ ਦੇ ਗਵਰਨਰ ਗੇਵਿਨ ਨਿਊਜ਼ਮ ਨੇ 3 ਮਈ ਨੂੰ ਇੱਕ ਬਿਆਨ ਵਿੱਚ, 17 ਹੋਰ ਉੱਚ ਅਦਾਲਤ ਦੇ ਜੱਜਾਂ ਦੇ ਨਾਲ, ਬਦੇਸ਼ਾ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ।



# ਨਿੱਝਰ ਕਤਲ ਕਾਂਡ: ਭਾਰਤ ਦਾ ਹੱਥ ਹੋਣ ਦੇ ਟਰੂਡੋ ਦੇ ਦਾਅਵਿਆਂ 'ਤੇ ਕੈਨੇਡਾ ਪੁਲਿਸ ਦੇ ਹੱਥ ਖਾਲੀ

**ਓਟਵਾ ਸਾਂਝੀ ਸੋਚ ਬਿਊਰੋ**

ਪਿਛਲੇ ਸਾਲ 18 ਸਤੰਬਰ ਨੂੰ ਕੈਨੇਡਾ ਦੀ ਸੰਸਦ 'ਚ ਖੜ੍ਹੇ ਹੋ ਕੇ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਦੋਸ਼ ਭਾਰਤ 'ਤੇ ਲਾਉਣ ਦੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਦਾਅਵਿਆਂ ਦੀ ਅਜੇ ਤੱਕ ਅਧਿਕਾਰਕ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ ਹੈ। ਇਸ ਮਾਮਲੇ 'ਚ ਕੈਨੇਡਾ ਦੀ ਪੁਲਿਸ ਨੇ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਪਰ ਅਜੇ ਵੀ ਇਸ ਗੱਲ ਦਾ ਜਵਾਬ ਨਹੀਂ ਮਿਲਿਆ ਹੈ ਕਿ ਭਾਰਤ ਦੀ ਕਿਹੜੀ ਏਜੰਸੀ ਦਾ ਇਸ ਮਾਮਲੇ 'ਚ ਹੱਥ ਸੀ। ਹਾਲਾਂਕਿ ਜਿਹੜੇ ਗ੍ਰਿਫ਼ਤਾਰ ਕੀਤੇ ਵਿਅਕਤੀ ਹਨ, ਉਹ ਭਾਰਤੀ ਨਾਗਰਿਕ ਹਨ ਤੇ ਇਨ੍ਹਾਂ ਨੂੰ ਕੈਨੇਡਾ ਦੀ ਨਾਗਰਿਕਤਾ ਨਹੀਂ ਮਿਲੀ ਹੋਈ ਸੀ ਪਰ ਕੀ ਇਨ੍ਹਾਂ ਦਾ ਕਿਸੇ ਭਾਰਤ ਦੀ ਜਾਂਚ ਏਜੰਸੀ ਨਾਲ ਸਬੰਧ ਹੈ? ਕੀ ਇਹ ਵਿਅਕਤੀ ਭਾਰਤ ਦੀ ਕਿਸੇ ਅੰਬੈਸੀ ਦੇ ਕਰਮਚਾਰੀ ਦੇ ਸੰਪਰਕ 'ਚ ਸਨ? ਜਾਂ ਕਿਸੇ ਭਾਰਤੀ ਰਾਜਦੂਤ ਦਾ ਨਾਂ ਇਸ ਮਾਮਲੇ 'ਚ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ।ਇਨ੍ਹਾਂ ਸਾਰੇ ਦੋਸ਼ਾਂ ਦੇ ਚੱਲਦਿਆਂ ਹੀ ਭਾਰਤ ਤੇ ਕੈਨੇਡਾ ਵਿਚਾਲੇ ਸਬੰਧ ਖ਼ਰਾਬ ਹੋਏ ਸਨ, ਜੋ ਇਸ ਤੋਂ ਬਾਅਦ ਲਗਾਤਾਰ ਵਿਗੜਦੇ ਗਏ ਪਰ ਕਤਲ ਦੇ 10 ਮਹੀਨਿਆਂ ਬਾਅਦ ਕੈਨੇਡਾ ਪੁਲਿਸ ਦੀ ਪ੍ਰੈੱਸ ਕਾਨਫਰੰਸ 'ਚ ਅਜੇ ਵੀ ਇਹ ਖ਼ੁਲਾਸਾ ਨਹੀਂ ਹੋ ਸਕਿਆ ਹੈ ਕਿ ਕਿਸੇ ਭਾਰਤੀ ਅੰਬੈਸੀ ਜਾਂ ਏਜੰਸੀ ਦਾ ਕਰਮਚਾਰੀ ਜਾਂ ਅਧਿਕਾਰੀ ਇਨ੍ਹਾਂ ਤਿੰਨਾਂ ਮੁਲਜ਼ਮਾਂ ਦੇ ਸੰਪਰਕ 'ਚ ਸੀ ਜਾਂ ਨਹੀਂ। ਫਿਲਹਾਲ ਪੁਲਿਸ ਜਾਂਚ ਦੀ ਗੱਲ ਕਰ ਰਹੀ ਹੈ ਪਰ ਅਜੇ ਤੱਕ ਨਾ ਤਾਂ ਸਿੱਧੇ ਤੌਰ 'ਤੇ ਸ਼ਮੂਲੀਅਤ ਦੀ ਗੱਲ ਸਾਹਮਣੇ ਆਈ ਹੈ, ਨਾ ਹੀ ਕਿਸੇ ਪਰਚੇ 'ਤੇ ਨਾਂ ਹੈ ਤੇ ਨਾ ਹੀ ਪ੍ਰੈੱਸ ਕਾਨਫਰੰਸ 'ਚ ਨਾਂ ਸਾਹਮਣੇ ਆਇਆ ਹੈ।ਦੱਸ ਦੇਈਏ ਕਿ ਆਰ.ਸੀ.ਐੱਮ.ਪੀ. ਦੇ ਅਸਿਸਟੈਂਟ ਕਮਿਸ਼ਨਰ ਡੇਵਿਡ ਟੇਬੂਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਫੜੇ ਗਏ ਤਿੰਨੇ ਮੁਲਜ਼ਮ ਐਡਮਿੰਟਨ ਦੇ ਰਹਿਣ ਵਾਲੇ ਹਨ। ਕਮਲਪ੍ਰੀਤ ਸਿੰਘ ਤੇ ਕਰਨ ਬਰਾੜ ਦੀ ਉਮਰ 22 ਸਾਲ ਹੈ, ਜਦਕਿ ਕਰਮਪ੍ਰੀਤ ਸਿੰਘ ਦੀ ਉਮਰ 28 ਸਾਲ ਹੈ। ਇਹ ਤਿੰਨੇ ਵੱਖ-ਵੱਖ ਸਮਿਆਂ ਦੌਰਾਨ ਕੈਨੇਡਾ ਆਏ ਸਨ।



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

GINNY BEDI LAW PC
Immigration, Divorce, Custody and Support issues, Business Disputes, Living Trusts, Criminal Matters, Misdemeanors, DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com

Serving Punjabi Mother Tongue In America For The Last 12 Years
ਸਾਂਝੀ ਸੋਚ
DAILY SANJHI SOCH NEWSPAPER
LAUNCHING SOON IN Canada
ਖ਼ਬਰਾਂ, ਆਰਟੀਕਲ, ਕਵਿਤਾਵਾਂ, ਕਹਾਣੀਆਂ ਅਤੇ ਹੋਰ ਛਪਣਯੋਗ ਸਮੱਗਰੀ
LAUNCHING SOON
info@sanjhisoch.com ਤੇ ਭੇਜੋ
+1 (209) 303-1260 +91 81463-20009

Law Offices of Ashwani K.Bhakhri
1299 Bayshore Hwy Suite 208 Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334 (916) 379-9700 (209) 666-4220
Ashwani Kumar Bhakhri, Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor® CalDRE # 02115235
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

PAL FILMS & PHOTO BOOKS
WWW.PALFILMS.COM
All Your Photo/Videography & Post Production needs Under One Roof
Music Video | Pre Shoots | Weddings | Birthdays | Graduations Stage Shows Or Any Kind Of Events | Customize Photobooks (upto 6 feet) Video Editing VFX/DI/CC & Much More....
Full Photo & Videography studio with Green Screen Blue Screen
PH: (925) 489 3400, (341) 356 1517
4007 Railroad Ave Pittsburgh, CA 94565 | Email: palfilms@yahoo.com, palfilms925@gmail.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**





Specializing in all Types of Commercial Proprtries

## Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

**We do commercial loans for businesses, gas stations, lands and commercial properties**




**For more properties or business, contact us.**



# LENDINGASSETS

Elevating Your Mortgage Experience

**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**

EQUAL HOUSING OPPORTUNITY



**Apply online at www.lendingassets.com and check out the live lowest rates on our website**


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਣਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਆਸ ਦੀਆਂ ਕਿਰਨਾਂ ਅਤੇ ਸ਼ੰਕਿਆਂ ਵਿਚਾਲੇ ਕਿਸ ਪਾਸੇ ਜਾਂਦੀ ਪਈ ਹੈ ਲੋਕ ਸਭਾ ਦੀ ਚੋਣ ਮੁਹਿੰਮ

ਇਸ ਤਰ੍ਹਾਂ ਦੇ ਮੌਕੇ ਇਨਸਾਨੀ ਜ਼ਿੰਦਗੀ ਵਿੱਚ ਵੀ ਤੇ ਸਮਾਜ ਸਾਹਮਣੇ ਵੀ ਬੜੇ ਘੱਟ ਆਇਆ ਕਰਦੇ ਹਨ, ਜਦੋਂ ਇੱਕੋ ਵੇਲੇ ਕੋਈ ਤੂਫਾਨ ਉੱਠਦਾ ਵੀ ਜਾਪਦਾ ਹੈ ਅਤੇ ਆਸ ਦੀ ਕੋਈ ਕਿਰਨ ਵੀ ਕਿਸੇ ਪਾਸਿਉਂ ਉੱਠਦੀ ਹੋਣ ਦਾ ਝਾਕਾ ਪੈਣ ਲੱਗਦਾ ਹੈ। ਭਾਰਤ ਦੇਸ਼ ਅਤੇ ਭਾਰਤੀ ਲੋਕ ਵੀ ਇਸ ਵੇਲੇ ਉਸ ਮੋੜ ਉੱਤੇ ਖੜੇ ਜਾਪਦੇ ਹਨ। ਪਾਰਲੀਮੈਂਟ ਦੀ ਇਸ ਵਾਰ ਦੀ ਚੋਣ ਜਿਸ ਪੜਾਅ ਉੱਤੇ ਪਹੁੰਚ ਚੁੱਕੀ ਹੈ, ਲੋਕਾਂ ਨੂੰ ਇੱਕੋ ਵਕਤ ਇਹ ਵੀ ਸੁਣਾਈ ਦੇਂਦਾ ਹੈ ਕਿ ਇਸ ਚੋਣ ਤੋਂ ਬਾਅਦ ਹੋਰ ਕੋਈ ਚੋਣ ਹੋਣ ਦੀ ਆਸ ਸ਼ਾਇਦ ਨਾ ਰਹੇ ਅਤੇ ਇਹ ਗੱਲ ਵੀ ਕਹੀ ਜਾਣ ਲੱਗ ਪਈ ਹੈ ਕਿ ਇਸ ਦੇਸ਼ ਦੇ ਲੋਕ ਆਪਣੀ ਕਿਸਮਤ ਅੱਗੇ ਏਦਾਂ ਦਾ ਸਵਾਲੀਆ ਨਿਸ਼ਾਨ ਕਦੇ ਨਹੀਂ ਲੱਗਣ ਦੇਣਗੇ। ਇੱਕੋ ਵਕਤ ਇਹ ਵੀ ਸੁਣਦਾ ਹੈ ਕਿ ਜਿੰਨੇ ਮਰਜ਼ੀ ਅੜਿੱਕੇ ਲੱਗਦੇ ਦਿੱਸਦੇ ਹੋਣ, 'ਅਬ ਕੀ ਬਾਰ, ਤੀਨ ਸੌ ਸੱਤਰ ਪਾਰ' ਦਾ ਨਾਅਰਾ ਲਾਉਣ ਪਿੱਛੋਂ 'ਅਬ ਕੀ ਬਾਰ, ਚਾਰ ਸੌ ਪਾਰ' ਸੀਟਾਂ ਨਾ ਵੀ ਕਰ ਸਕੀ ਤਾਂ ਭਾਜਪਾ ਸਾਢੇ ਤਿੰਨ ਸੌ ਸੀਟਾਂ ਜ਼ਰੂਰ ਲੈ ਜਾਵੇਗੀ ਅਤੇ ਫਿਰ ਉਹ ਮਨ-ਆਈਆਂ ਕਰੇਗੀ ਤੇ ਇਹ ਵੀ ਕਿ ਉਸ ਦੀ ਮੁਹਿੰਮ ਦੀ ਫੂਕ ਨਿਕਲਦੀ ਪਈ ਹੈ। ਆਮ ਲੋਕਾਂ ਦੇ ਮੂਡ ਦਾ ਹਾਲੇ ਵੀ ਕੋਈ ਪੱਕਾ ਪਤਾ ਨਹੀਂ ਲੱਗ ਰਿਹਾ, ਸਭ ਕਿਆਫੇ ਹਨ ਤੇ ਇਸ ਤਰ੍ਹਾਂ ਦੇ ਕਿਆਫਿਆਂ ਕਾਰਨ ਭਾਰਤ ਦੇ ਲੋਕਾਂ ਸਾਹਮਣੇ ਇੱਕੋ ਵਕਤ ਕਿਸੇ ਉੱਠਦੇ ਪਏ ਵੱਡੇ ਤੂਫਾਨ ਦਾ ਖੌਫ ਵੀ ਸਿਰ ਚੁੱਕਦਾ ਦਿੱਸਦਾ ਹੈ ਤੇ ਇਸ ਤੂਫਾਨ ਦਾ ਰਾਹ ਰੋਕਣ ਦੇ ਲਈ ਭਾਰਤ ਦੇ ਲੋਕਾਂ ਦੀ ਸੋਚ ਵਿੱਚ ਅਚਾਨਕ ਤਬਦੀਲੀ ਹੋਣ ਦੇ ਕੁਝ ਸੰਕੇਤ ਵੀ ਨੋਟ ਕੀਤੇ ਜਾਣ ਲੱਗੇ ਹਨ।

ਕਿਸੇ ਇੱਕ ਜਾਂ ਦੂਸਰੇ ਕਿਸਮ ਦੇ ਸੰਕੇਤਾਂ ਦੀ ਗੱਲ ਉੱਤੇ ਅਸੀਂ ਜ਼ੋਰ ਨਹੀਂ ਦੇਣਾ ਚਾਹੁੰਦੇ, ਸਗੋਂ ਹਾਲਾਤ ਦੇ ਉਸ ਵਹਿਣ ਦੀ ਗੱਲ ਕਰਨੀ ਠੀਕ ਸਮਝਦੇ ਹਾਂ, ਜਿਸ ਤੋਂ ਇਹ ਦੋਵੇਂ ਕਿਸਮਾਂ ਦੇ ਅਰਥ ਕੱਢੇ ਜਾ ਰਹੇ ਹਨ।

ਪਹਿਲੀ ਗੱਲ ਇਹ ਕਿ ਇਸ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਲੀਡਰਸ਼ਿਪ ਜਾਂ ਸਟਾਰ ਪ੍ਰਚਾਰਕਾਂ ਵਿੱਚੋਂ ਮੋਦੀ ਦੇ ਨੇੜੇ ਸਮਝੇ ਜਾਣ ਵਾਲਿਆਂ ਦੀ ਬੋਲ-ਬਾਣੀ ਅਚਾਨਕ ਬਦਲਦੀ ਜਾਪਣ ਲੱਗੀ ਹੈ। ਉਨ੍ਹਾਂ ਨੇ ਆਪਣੇ ਰਾਜ ਵਿੱਚ ਕੀਤੇ ਗਏ ਵਿਕਾਸ ਦੇ ਦਾਅਵਿਆਂ ਦੀ ਚਰਚਾ ਸ਼ੁਰੂ ਕੀਤੀ ਤਾਂ ਇਸ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਇਸ ਨਾਲ ਸ਼ਾਇਦ ਉਨ੍ਹਾਂ ਨੂੰ ਇਹ ਸਮਝ ਪੈ ਗਈ ਹੋਵੇਗੀ ਕਿ ਵਾਜਪਾਈ-ਅਡਵਾਨੀ ਅਤੇ ਪ੍ਰਮੋਦ ਮਹਾਜਨ ਦੇ ਪ੍ਰਚਾਰ ਦੌਰ ਸਮੇਂ ਜੇ 'ਇੰਡੀਆ ਸ਼ਾਈਨਿੰਗ' (ਭਾਰਤ ਉਦੈ ਜਾਂ ਚਮਕਦਾ ਭਾਰਤ) ਤੇ ਉਸ ਨਾਅਰੇ ਦੇ ਨਾਲੋ-ਨਾਲ 'ਫੀਲ ਗੁੱਡ' (ਬੜਾ ਵਧੀਆ ਮਹਿਸੂਸ ਹੁੰਦੈ) ਵਾਲੇ ਨਾਅਰੇ ਨਹੀਂ ਸੀ ਚੱਲ ਸਕੇ ਤਾਂ ਵਿਕਾਸ ਦੇ ਇਹ ਨਾਅਰੇ ਵੀ ਨਹੀਂ ਚੱਲਣੇ। ਕਾਰਨ ਇਸ ਦਾ ਇਹੋ ਹੈ ਕਿ ਇਨ੍ਹਾਂ ਨਾਅਰਿਆਂ ਵਿੱਚ ਉਸ ਦੌਰ ਵਿੱਚ ਵੀ ਕਚਿਆਈ ਸੀ, ਓਨਾ ਕੰਮ ਕੀਤਾ ਨਹੀਂ ਸੀ, ਜਿੰਨਾ ਪ੍ਰਚਾਰਿਆ ਗਿਆ ਸੀ ਤੇ ਲੋਕ ਸਚਾਈ ਜਾਣਦੇ ਸਨ, ਏਦਾਂ ਹੀ ਵਿਕਾਸ ਦੇ ਅਜੋਕੇ ਦਾਅਵਿਆਂ ਦੀ ਕਚਿਆਈ ਵੀ ਭਾਰਤ ਦੇ ਲੋਕਾਂ ਤੋਂ ਲੁਕੀ ਨਹੀਂ ਅਤੇ ਉਹ ਏਦਾਂ ਦੇ ਪ੍ਰਚਾਰ ਦਾ ਹੁੰਗਾਰਾ ਨਹੀਂ ਭਰਦੇ ਜਾਪਦੇ। ਏਥੇ ਦਾਅਵਾ ਕੀਤਾ ਗਿਆ ਸੀ ਕਿ ਉੱਜਵਲਾ ਯੋਜਨਾ ਅਧੀਨ ਹਰ ਘਰ ਵਿੱਚ ਗੈਸ ਪੁਚਾ ਦਿੱਤੀ ਹੈ। ਫਿਰ ਮੁਕਾਬਲੇ ਦੇ ਇਮਤਿਹਾਨਾਂ ਵਿੱਚ ਸਿਖਰ ਉੱਤੇ ਪੁੱਜੇ ਨੌਜਵਾਨਾਂ ਵਿੱਚੋਂ ਇੱਕ ਜਣਾ ਇਹ ਕਹਿੰਦਾ ਸੁਣ ਗਿਆ ਕਿ ਉਸ ਦੀ ਮਾਂ ਅੱਜ ਤੱਕ ਵੀ ਚੁੱਲ੍ਹੇ ਵਿੱਚ ਫੂਕਾਂ ਮਾਰਦੀ ਹੈ। ਕੇਂਦਰ ਸਰਕਾਰ ਨੇ ਦਾਅਵਾ ਕੀਤਾ ਕਿ ਬੇਘਰਿਆਂ ਨੂੰ ਘਰ ਦੇ ਦਿੱਤੇ ਹਨ ਤੇ ਬੰਗਾਲ ਦੀ ਜਿਹੜੀ ਔਰਤ ਦੀ ਫੋਟੋ ਇਸ ਦਾਅਵੇ ਨਾਲ ਮੀਡੀਏ ਵਿੱਚ ਛਪਵਾਈ ਸੀ, ਧੋਬੀ ਘਾਟ ਉੱਤੇ ਲੋਕਾਂ ਦੇ ਕੱਪੜੇ ਧੋਣ ਵਾਲੀ ਉਹ ਬੀਬੀ ਕਹਿੰਦੀ ਸੁਣ ਗਈ ਕਿ ਉਸ ਦਾ ਪਰਵਾਰ ਇੱਕੋ ਕਮਰੇ ਦੇ ਪੁਰਾਣੇ ਘਰ ਵਿੱਚ ਰਹਿੰਦਾ ਹੈ, ਉਨ੍ਹਾਂ ਤੱਕ ਸਕੀਮ ਨਹੀਂ ਪੁੱਜੀ। ਪ੍ਰਧਾਨ ਮੰਤਰੀ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਰਾਜ ਆਉਣ ਤੱਕ ਕਈ ਪਿੰਡਾਂ ਤੱਕ ਬਿਜਲੀ ਨਹੀਂ ਸੀ ਪਹੁੰਚੀ ਅਤੇ ਉਨ੍ਹਾਂ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਓਥੇ ਬਿਜਲੀ ਪੁਚਾਉਣ ਦਾ ਹੁਕਮ ਦਿੱਤਾ ਹੈ, ਪਰ ਦੱਸੇ ਗਏ ਪਿੰਡ ਨੂੰ ਗਏ ਮੀਡੀਆ ਵਾਲਿਆਂ ਨੇ ਵਿਖਾ ਦਿੱਤਾ ਕਿ ਉਸ ਪਿੰਡ ਵਿੱਚ ਅਜੇ ਵੀ ਬਿਜਲੀ ਦੇ ਖੰਭੇ ਤਾਂ ਲਾਏ ਹਨ, ਉਨ੍ਹਾਂ ਉੱਤੇ ਤਾਰ ਕਿਸੇ ਨਹੀਂ ਪਾਈ। ਕੇਂਦਰ ਸਰਕਾਰ ਦੇ ਦਾਅਵਿਆਂ ਦੇ ਇਸ ਕੱਚੇਪਣ ਨਾਲ ਜਦੋਂ ਆਮ ਲੋਕ ਪਤਿਆਏ ਨਹੀਂ ਜਾ ਸਕੇ ਤਾਂ ਧਰਮ ਦਾ ਪੱਤਾ ਵਰਤਿਆ ਜਾਣ ਲੱਗਾ ਹੈ।

ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਪਹਿਲਾਂ ਇਹ ਭਾਸ਼ਣ ਕੀਤੇ ਕਿ ਉਨ੍ਹਾਂ ਦੀ ਵਿਰੋਧੀ ਧਿਰ ਜੇ ਜਿੱਤ ਗਈ ਤਾਂ ਉਹ ਪੰਜ-ਪੰਜ ਬੱਚੇ ਪੈਦਾ ਕਰਨ ਵਾਲਿਆਂ ਨੂੰ ਹਰ ਕਿਸੇ ਗੱਲ ਵਿੱਚ ਪਹਿਲ ਦੇਵੇਗੀ ਤੇ ਦੂਸਰੇ ਲੋਕਾਂ ਦੀ ਜਾਇਦਾਦ ਝਪਟ ਕੇ ਏਦਾਂ ਦੇ ਲੋਕਾਂ ਨੂੰ ਵੰਡ ਦੇਵੇਗੀ। ਫਿਰ ਇਹ ਕਹਿ ਦਿੱਤਾ ਕਿ ਵਿਰੋਧੀ ਧਿਰ ਜਿੱਤੀ ਤਾਂ ਲੋਕਾਂ ਦੇ ਘਰਾਂ ਅੰਦਰ ਪਿਆ ਸੋਨਾ ਕੱਢਵਾ ਕੇ ਅੱਧਾ ਸਰਕਾਰੀ ਖਜ਼ਾਨੇ ਵਿੱਚ ਪਾ ਦੇਵੇਗੀ ਅਤੇ ਸਾਡੀਆਂ ਮਾਂਵਾਂ-ਭੈਣਾਂ ਦੇ ਮੰਗਲ-ਸੂਤਰ ਵੀ ਨਹੀਂ ਬਖਸ਼ੇਗੀ। ਏਦੂੰ ਹੋਰ ਅੱਗੇ ਵਧ ਕੇ ਉਨ੍ਹਾਂ ਇਹ ਵੀ ਕਹਿ ਦਿੱਤਾ ਕਿ ਇਹ ਦਲਿਤਾਂ ਦੀ ਰਿਜ਼ਰਵੇਸ਼ਨ ਖੋਹ ਕੇ ਮੁਸਲਿਮ ਭਾਈਚਾਰੇ ਨੂੰ ਦੇ ਦੇਣਗੇ। ਇਸ ਦੇ ਬਾਅਦ ਉਨ੍ਹਾਂ ਨੇ ਜੋ ਕੁਝ ਕਿਹਾ, ਉਹ ਦੱਸਣਾ ਔਖਾ ਅਤੇ ਹੱਦਾਂ ਪਾਰ ਕਰਨ ਵਾਲਾ ਸੀ।

ਭਾਰਤ ਦੇ ਲੋਕਾਂ ਨੂੰ ਇਸ ਵਕਤ ਜੋ ਕੁਝ ਪਤਾ ਲੱਗਣਾ ਚਾਹੀਦਾ ਹੈ, ਉਹ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ, ਕਿਉਂਕਿ ਦੇਸ਼ ਦੇ ਕੌਮੀ ਪੱਧਰ ਦੇ ਲਗਭਗ ਸਾਰੇ ਮੀਡੀਆ ਚੈਨਲ ਓਨਾ ਹੀ ਦਿਖਾਉਂਦੇ ਹਨ, ਜਿੰਨਾ ਦਿਖਾਉਣ ਨੂੰ ਕਿਹਾ ਜਾਂਦਾ ਹੈ, ਉਸ ਤੋਂ ਵੱਧ ਕੁਝ ਦਿਖਾਉਣ ਦੀ ਉਹ ਕੋਸ਼ਿਸ਼ ਨਹੀਂ ਕਰਦੇ। ਏਦਾਂ ਕਰਨਾ ਉਨ੍ਹਾਂ ਲਈ ਮੁਸ਼ਕਲਾਂ ਪੈਦਾ ਕਰ ਸਕਦਾ ਹੈ, ਇਸ ਲਈ ਰਿਸਕ ਤੋਂ ਬਚਦੇ ਰਹਿੰਦੇ ਹਨ ਤੇ ਇਹ ਗੱਲ ਵੀ ਸਭ ਨੂੰ ਪਤਾ ਹੈ ਕਿ ਦੇਸ਼ ਦੇ ਬਹੁਤੇ ਕੌਮੀ ਮੀਡੀਆ ਚੈਨਲ ਦੋ ਵੱਡੇ ਮੀਡੀਆ ਘਰਾਣਿਆਂ ਨੇ ਖਰੀਦ ਲਏ ਹਨ ਅਤੇ ਦੋਵੇਂ ਵੱਡੇ ਘਰਾਣੇ ਇਸ ਵੇਲੇ ਦੀ ਸਰਕਾਰ ਦੇ ਨਾਲ ਹਨ। ਆਮ ਲੋਕਾਂ ਦਾ ਕੋਈ ਵਿਕਾਸ ਨਹੀਂ ਵੀ ਹੁੰਦਾ ਤਾਂ ਕੋਈ ਫਿਕਰ ਨਹੀਂ, ਉਨ੍ਹਾਂ ਦੋ ਵੱਡੇ ਘਰਾਣਿਆਂ ਲਈ ਹਰ ਸਰਕਾਰੀ ਵਿਭਾਗ ਤੇ ਹਰ ਅਧਿਕਾਰੀ ਹਰ ਵੇਲੇ ਹਾਜ਼ਰ ਹੁੰਦਾ ਹੈ। ਉਨ੍ਹਾਂ ਦੋਵਾਂ ਘਰਾਣਿਆਂ ਦੇ ਮਾਲਕ ਦੇਸ਼ ਦੇ ਲੋਕਾਂ ਦੀ ਸੇਵਾ ਲਈ ਸਮਾਜੀ ਸੰਸਥਾਵਾਂ ਚਲਾਉਣ ਵਾਸਤੇ ਨਹੀਂ ਸੀ ਆਏ, ਉਨ੍ਹਾਂ ਦਾ ਮੰਤਵ ਲਾਭ ਕਮਾਉਣਾ ਹੈ ਤੇ ਇਸ ਕੰਮ ਵਿੱਚ ਕੋਈ ਵੀ ਅੜਿੱਕਾ ਨਾ ਪੈਣ ਦੇਣ ਵਾਲੀ ਧਿਰ ਦੀ ਮਦਦ ਕਰਨਾ ਉਨ੍ਹਾਂ ਦੀ ਆਪਣੀ ਲੋੜ ਹੈ। ਰਹੀ ਗੱਲ ਇਸ ਵੇਲੇ ਸੰਸਾਰ ਪੱਧਰ ਉੱਤੇ ਦੇਸ਼ ਦੇ ਅਕਸ ਦੀ, ਉਹ ਅਕਸ ਭਾਰਤੀ ਲੋਕਾਂ ਨੂੰ ਪਤਾ ਬੇਸ਼ਕ ਨਾ ਹੋਵੇ, ਬਾਕੀ ਸੰਸਾਰ ਦੇ ਲੋਕਾਂ ਨੂੰ ਸਾਰਾ ਪਤਾ ਹੈ।

ਮਈ ਦੇ ਪਹਿਲੇ ਹਫਤੇ ਪ੍ਰੈੱਸ ਦੀ ਆਜ਼ਾਦੀ ਦਾ ਸੰਸਾਰ ਪੱਧਰੀ ਦਿਨ ਸੀ, ਉਸ ਦਿਨ ਦੁਨੀਆ ਦੇ ਦੇਸ਼ਾਂ ਦੀ ਪ੍ਰੈੱਸ ਦੀ ਆਜ਼ਾਦੀ ਦਾ ਪੱਧਰ ਅਤੇ ਬਾਕੀ ਦੇਸ਼ਾਂ ਮੁਕਾਬਲੇ ਇਸ ਦੀ ਰੈਂਕਿੰਗ ਪਤਾ ਲੱਗੀ ਹੈ। ਇੱਕ ਸੌ ਅੱਸੀ ਦੇਸ਼ਾਂ ਦੀ ਲਿਸਟ ਵਿੱਚ ਭਾਰਤ ਇੱਕ ਸੌ ਇਕਾਹਠ ਨੰਬਰ ਉੱਤੇ ਹੈ, ਪਰ ਪਾਕਿਸਤਾਨ ਵਰਗੇ ਦੇਸ਼ ਦਾ ਦਰਜਾ ਇੱਕ ਸੌ ਪੰਜਾਹ, ਅਰਥਾਤ ਭਾਰਤ ਤੋਂ ਗਿਆਰਾਂ ਨੰਬਰ ਉੱਤੇ ਦਿੱਸਦਾ ਹੈ। ਉਸ ਤੋਂ ਪਹਿਲਾਂ ਸੰਸਾਰ ਵਿੱਚ ਭੁੱਖ ਦੇ ਅੰਕੜਿਆਂ ਦੀ ਰਿਪੋਰਟ ਆਈ ਤਾਂ ਭੁੱਖ ਹੰਢਾ ਰਹੇ ਇੱਕ ਸੌ ਇੱਕੀ ਦੇਸ਼ਾਂ ਵਾਲੀ ਇਸ ਸੂਚੀ ਵਿੱਚ ਭਾਰਤ ਦਾ ਨਾਂਅ ਇੱਕ ਸੌ ਸੱਤ ਨੰਬਰ ਉੱਤੇ ਸੀ, ਜਦ ਕਿ ਆਰਥਿਕਤਾ ਦੀ ਜਿੱਲ੍ਹਣ ਵਿੱਚ ਫਸਿਆ ਹੋਣ ਦੇ ਬਾਵਜੂਦ ਪਾਕਿਸਤਾਨ ਦਾ ਨਾਂਅ ਭਾਰਤ ਤੋਂ ਪੰਜ ਪੁਆਇੰਟ ਉੱਤੇ ਇੱਕ ਸੌ ਦੋ ਉੱਤੇ ਦਰਜ ਸੀ। ਬਹੁਤ ਸਾਰੇ ਹੋਰ ਕੰਮਾਂ ਵਿੱਚ ਭਾਰਤ ਪਛੜੇ ਹੋਣ ਦਾ ਪ੍ਰਭਾਵ ਦੇਂਦਾ ਹੈ ਅਤੇ ਸੰਸਾਰ ਪੱਧਰ ਦੀਆਂ ਸੰਸਥਾਵਾਂ ਆਪਣੀ ਦਰਜਾਬੰਦੀ ਵਿੱਚ ਇਸ ਦਾ ਜ਼ਿਕਰ ਕਰਦੀਆਂ ਹਨ, ਪਰ ਅਸੀਂ ਇਸ ਬਾਰੇ ਹੋਰ ਕੁਝ ਇਸ ਕਰ ਕੇ ਨਹੀਂ ਕਹਿਣਾ ਚਾਹੁੰਦੇ ਕਿ ਇਨ੍ਹਾਂ ਸਭ ਦਰਜਾਬੰਦੀਆਂ ਨੂੰ ਭਾਰਤ ਦੀ ਸਰਕਾਰ ਦੇ ਮੰਤਰੀ ਕਦੇ ਮੰਨਦੇ ਹੀ ਨਹੀਂ, ਇਸ ਦਾ ਮਜ਼ਾਕ ਉਡਾਉਂਦੇ ਅਤੇ ਆਪਣੀ ਸਰਕਾਰ ਹੇਠ ਤਰੱਕੀ ਹੋਣ ਦੇ ਦਾਅਵੇ ਕਰਨ ਲੱਗੇ ਰਹਿੰਦੇ ਹਨ।

ਸਮਾਜ ਕਿੱਦਾਂ ਚੱਲਦਾ ਤੇ ਸਿਆਸਤ ਕਿੱਦਾਂ ਚੱਲਦੀ ਹੈ, ਉਸ ਦੇ ਦੋ ਪੱਖ ਲੋਕਾਂ ਸਾਹਮਣੇ ਆਉਂਦੇ ਪਏ ਹਨ। ਇੱਕ ਪੱਖ ਪੱਛਮੀ ਬੰਗਾਲ ਦੇ ਚੌਵੀ ਪਰਗਨਾ ਜ਼ਿਲੇ ਦੇ ਪਿੰਡ ਸੰਦੇਸ਼ਖਾਲੀ ਦਾ ਹੈ, ਜਿੱਥੇ ਸਿਆਸੀ ਸਰਪ੍ਰਸਤੀ ਵਾਲਾ ਇੱਕ ਗੁੰਡਾ ਆਮ ਲੋਕਾਂ ਵਿਰੁੱਧ ਹਰ ਕਿਸਮ ਦੀ ਗੁੰਡਾਗਰਦੀ ਕਰਦਾ ਰਿਹਾ ਅਤੇ ਦੁਖੀ ਹੋਏ ਲੋਕ ਉਸ ਵਿਰੁੱਧ ਬੋਲਣ ਦੀ ਜੁਰਅੱਤ ਨਹੀਂ ਸਨ ਕਰ ਸਕੇ। ਫਿਰ ਉਸ ਗੁੰਡਾਗਰਦੀ ਦਾ ਜਲੂਸ ਨਿਕਲਿਆ, ਉਸ ਦੀ ਗ੍ਰਿਫਤਾਰੀ ਹੋਈ ਤੇ ਓਥੋਂ ਵਾਲੀ ਸਰਕਾਰ ਚਲਾ ਰਹੀ ਤ੍ਰਿਣਮੂਲ ਕਾਂਗਰਸ ਦੇ ਅਕਸ ਦਾ ਮਾੜਾ ਪੱਖ ਵੀ ਲੋਕਾਂ ਸਾਹਮਣੇ ਆ ਗਿਆ। ਜਿੰਨੇ ਮਾੜੇ ਕੰਮ ਓਥੇ ਹੋਏ ਹਨ ਅਤੇ ਜਿੱਦਾਂ ਉਸ ਗੁੰਡੇ ਦੀ ਸਰਪ੍ਰਸਤੀ ਕੀਤੀ ਗਈ, ਉਸ ਬਾਰੇ ਕਿਸੇ ਤਰ੍ਹਾਂ ਦਾ ਲਿਹਾਜ਼ੂਪਣ ਕਿਸੇ ਨੂੰ ਨਹੀਂ ਵਿਖਾਉਣਾ ਚਾਹੀਦਾ। ਕੇਂਦਰ ਸਰਕਾਰ ਚਲਾਉਣ ਵਾਲਿਆਂ ਨੇ ਇਸ ਮੁੱਦੇ ਉੱਤੇ ਉਸ ਸਰਕਾਰ ਨੂੰ ਜਿੰਨੀ ਬੇਰਹਿਮੀ ਨਾਲ ਭੰਡਿਆ ਹੈ, ਉਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਦੂਸਰਾ ਪੱਖ ਹੈ ਕਿ ਉੱਤਰ ਪੂਰਬ ਦੇ ਰਾਜ ਮਨੀਪੁਰ ਵਿੱਚ ਪਿਛਲੇ ਸਾਲ ਜਿਹੜੀ ਹਿੰਸਾ ਹੋਈ ਤੇ ਓਥੇ ਕਮਜ਼ੋਰ ਧਿਰ ਦੀਆਂ ਔਰਤਾਂ ਨਾਲ ਜੋ ਕੁਝ ਵਾਪਰਿਆ, ਉਸ ਦੀ ਚਰਚਾ ਬੰਦ ਹੋ ਗਈ ਜਾਪਦੀ ਹੈ। ਪਹਿਲਾਂ ਜਦੋਂ ਓਥੇ ਹਿੰਸਾ ਹੋਈ ਤਾਂ ਦੋ ਮਹੀਨੇ ਉਸ ਦੀ ਖਬਰ ਵੀ ਬਾਕੀ ਭਾਰਤੀ ਰਾਜਾਂ ਦੇ ਲੋਕਾਂ ਨੂੰ ਨਹੀਂ ਸੀ ਮਿਲੀ, ਪਰ ਆਦੀਵਾਸੀ ਔਰਤਾਂ ਨੂੰ ਨੰਗੀ ਹਾਲਤ ਵਿੱਚ ਘੁੰਮਾਏ ਜਾਣ ਅਤੇ ਕੈਮਰਿਆਂ ਮੂਹਰੇ ਉਨ੍ਹਾਂ ਦੇ ਨੰਗੇ ਸਰੀਰਾਂ ਨਾਲ ਛੇੜ-ਛਾੜ ਦੀਆਂ ਵੀਡੀਓ ਜਦੋਂ ਵਾਇਰਲ ਹੋਈਆਂ ਤਾਂ ਸਰਕਾਰ ਨਾਲੋਂ ਪਹਿਲਾਂ ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਦਾ ਨੋਟਿਸ ਲਿਆ ਸੀ। ਇਸ ਮਗਰੋਂ ਕੇਂਦਰ ਸਰਕਾਰ ਦੇ ਮੁਖੀ ਦਾ ਇੱਕ ਬਿਆਨ ਆਇਆ, ਪਰ ਸਿਰਫ ਬਿਆਨ ਹੀ ਸੀ, ਖਾਸ ਕੁਝ ਕੀਤਾ ਨਹੀਂ ਗਿਆ ਤੇ ਜਬਰ ਦਾ ਸ਼ਿਕਾਰ ਭਾਈਚਾਰੇ ਦੇ ਲੋਕ ਅੱਜ ਤੱਕ ਕੈਂਪਾਂ ਵਿੱਚ ਬੈਠੇ ਨਰਕ ਦੀ ਜ਼ਿੰਦਗੀ ਭੁਗਤ ਰਹੇ ਹਨ। ਪਿਛਲੇ ਦਿਨੀਂ ਸੀ ਬੀ ਆਈ ਰਿਪੋਰਟ ਆਈ ਤਾਂ ਭੇਦ ਖੁੱਲ੍ਹਾ ਕਿ ਜਿਹੜੀਆਂ ਔਰਤਾਂ ਨਾਲ ਇਹ ਕੁਝ ਕੀਤਾ ਗਿਆ, ਉਹ ਪੁਲਸ ਕੋਲ ਸੁਰੱਖਿਆ ਮੰਗਣ ਗਈਆਂ ਸਨ ਅਤੇ ਅੱਗੋਂ ਪੁਲਸ ਵਾਲਿਆਂ ਹੀ ਉਨ੍ਹਾਂ ਵਿਚਾਰੀਆਂ ਨੂੰ ਦੋਸ਼ੀਆਂ ਦੇ ਹਵਾਲੇ ਕਰ ਦਿੱਤਾ ਸੀ।

ਸਰਕਾਰ ਮਨੀਪੁਰ ਰਾਜ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਪਣੀ ਪਾਰਟੀ ਦੀ ਹੈ, ਪਰ ਉਨ੍ਹਾਂ ਨੂੰ ਇਸ ਹਿੰਸਾ ਬਾਰੇ ਕੁਝ ਬੋਲਣ ਦੀ ਲੋੜ ਹੀ ਨਹੀਂ ਜਾਪਦੀ। ਏਦਾਂ ਦੇ ਹੋਰ ਕਈ ਮਾਮਲੇ ਤੇ ਮਿਸਾਲਾਂ ਵੀ ਮੌਜੂਦ ਹਨ, ਪਰ ਭਾਰਤ ਦਾ ਕੌਮੀ ਮੀਡੀਆ ਇਸ ਤਰ੍ਹਾਂ ਦੇ ਸਾਰੇ ਮੁੱਦਿਆਂ ਬਾਰੇ ਚੁੱਪ ਜਿਹਾ ਰਹਿ ਕੇ ਸੰਤੁਸ਼ਟ ਹੈ।ਜਦੋਂ ਦੇਸ਼ ਦਾ ਕੌਮੀ ਮੀਡੀਆ ਚੁੱਪ ਰਹਿ ਕੇ ਸੰਤੁਸ਼ਟ ਹੈ, ਕਿਉਂਕਿ ਉਹ ਹੁਕਮਾਂ ਦੀ ਇੱਕ ਲਛਮਣ-ਰੇਖਾ ਟੱਪਣ ਦੀ ਜੁਰਅੱਤ ਨਹੀਂ ਕਰ ਸਕਦਾ, ਆਮ ਲੋਕਾਂ ਨੂੰ ਓਦੋਂ ਵੀ ਸੂਚਨਾ ਤੋਂ ਵਾਂਝੇ ਨਹੀਂ ਰੱਖਿਆ ਜਾ ਸਕਦਾ। ਸੋਸ਼ਲ ਮੀਡੀਆ ਦਾ ਯੁੱਗ ਹੈ ਅਤੇ ਜਿਹੜੀ ਗੱਲ ਸਰਕਾਰਾਂ ਜਾਂ ਸਰਕਾਰਾਂ ਦੇ ਪੱਖ ਵਿੱਚ ਭੁਗਤਣ ਵਾਲਾ ਜਾਂ ਸਰਕਾਰ ਨਾਲ ਮਿਲੇ ਹੋਏ ਕੁਝ ਚੋਣਵੇਂ ਘਰਾਣਿਆਂ ਦੀ ਮਾਲਕੀ ਵਾਲਾ ਮੀਡੀਆ ਲੁਕਾਉਂਦਾ ਪਿਆ ਹੈ, ਉਹ ਸੱਚ ਸੋਸ਼ਲ ਮੀਡੀਆ ਆਮ ਲੋਕਾਂ ਨੂੰ ਨਾਲੋ-ਨਾਲੋ ਦੱਸੀ ਜਾ ਰਿਹਾ ਹੈ। ਇੱਕ ਦੌਰ ਏਹੋ ਜਿਹਾ ਆਇਆ ਸੀ, ਜਦੋਂ ਸਰਕਾਰੀ ਕੰਟਰੋਲ ਵਾਲੇ ਦੂਰਦਰਸ਼ਨ ਤੋਂ ਲੋਕਾਂ ਨੇ ਪਾਸਾ ਮੋੜਿਆ ਤੇ ਪ੍ਰਾਈਵੇਟ ਚੈਨਲਾਂ ਵੱਲ ਵੇਖਣ ਲੱਗੇ ਸਨ, ਕਿਉਂਕਿ ਇਹ ਚੈਨਲ ਇਹੋ ਜਿਹਾ ਕੁਝ ਵਿਖਾ ਸਕਦੇ ਸਨ, ਜਿਹੜਾ ਸਰਕਾਰੀ ਚੈਨਲ ਨਹੀਂ ਸੀ ਵਿਖਾਉਂਦੇ। ਅੱਜ ਓਦਾਂ ਦਾ ਇੱਕ ਹੋਰ ਪੜਾਅ ਆ ਗਿਆ ਜਾਪਦਾ ਹੈ, ਜਿਹੜਾ ਆਮ ਲੋਕਾਂ ਨੂੰ ਸਰਕਾਰੀ ਚੈਨਲਾਂ ਦੇ ਨਾਲ ਪ੍ਰਾਈਵੇਟ ਮੀਡੀਆ ਚੈਨਲਾਂ ਤੋਂ ਵੀ ਹਟਣ ਤੇ ਸੋਸ਼ਲ ਮੀਡੀਆ ਉੱਤੇ ਵੱਧ ਇਤਬਾਰ ਕਰਨ ਲਈ ਪ੍ਰੇਰਤ ਕਰਦਾ ਹੈ। ਸੋਸ਼ਲ ਮੀਡੀਆ ਵੀ ਸਾਰਾ ਇੱਕੋ ਜਿਹਾ ਨਹੀਂ, ਸਰਕਾਰਾਂ ਦੇ ਪੱਖ ਅਤੇ ਆਪਣੇ ਵਿਸ਼ੇਸ਼ ਹਿੱਤਾਂ ਨੂੰ ਅੱਗੇ ਰੱਖ ਕੇ ਚੱਲਣ ਵਾਲੇ ਬਹੁਤ ਸਾਰੇ ਲੋਕ ਵੀ ਇਸ ਵਿੱਚ ਸਰਗਰਮ ਹਨ, ਪਰ ਬਹੁਤਾ ਚਿਰ ਉਨ੍ਹਾਂ ਦੇ ਬਾਰੇ ਚਰਚਾ ਨਹੀਂ ਰਹਿੰਦੀ, ਹੌਲੀ-ਹੌਲੀ ਆਮ ਲੋਕ ਜਦੋਂ ਉਨ੍ਹਾਂ ਨੂੰ ਵੇਖਣ ਤੋਂ ਹਟਣ ਲੱਗਦੇ ਹਨ ਤਾਂ ਉਨ੍ਹਾਂ ਚੈਨਲਾਂ ਦੇ ਮਾਲਕ ਇੱਕ ਚੈਨਲ ਬੰਦ ਕਰ ਕੇ ਝਟਾਪਟ ਨਵੇਂ ਨਾਂਅ ਵਾਲਾ ਇੱਕ ਹੋਰ ਚੈਨਲ ਲੋਕਾਂ ਅੱਗੇ ਪਰੋਸ ਦੇਂਦੇ ਹਨ। ਏਨੇ ਕੁਝ ਦੇ ਬਾਵਜੂਦ ਸਰਕਾਰ ਚਲਾ ਰਹੇ ਗੱਠਜੋੜ ਅਤੇ ਇਸ ਦੀ ਅਗਵਾਈ ਕਰਦੀ ਭਾਰਤੀ ਜਨਤਾ ਪਾਰਟੀ ਦੇ ਪੱਖ ਵਿੱਚ ਜਿਹੋ ਜਿਹੀ ਲਹਿਰ ਉਹ ਬਣਾਉਣਾ ਚਾਹੁੰਦੇ ਸਨ, ਉਹ ਬਣਦੀ ਨਹੀਂ ਜਾਪਦੀ। ਉਲਟਾ ਇਸ ਗੱਠਜੋੜ ਵਿਰੁੱਧ ਲੜਨ ਵਾਲੀ ਧਿਰ, ਆਪਣੀਆਂ ਸੌ ਕਮੀਆਂ ਤੇ ਆਪਸੀ ਖਹਿਬੜਾਂ ਦੇ ਬਾਵਜੂਦ ਆਪੋ-ਆਪਣੇ ਰਾਜਾਂ ਵਿੱਚ ਮੁਕਾਬਲੇ ਦੇ ਪੱਖੋਂ ਉਭਾਰ ਦੇ ਸੰਕੇਤ ਦੇਣ ਲੱਗੀ ਹੈ। ਆਮ ਲੋਕਾਂ ਵਿੱਚ ਪੈਂਦੇ ਇਸ ਪ੍ਰਭਾਵ ਮਗਰੋਂ ਰਾਜ ਕਰਦੇ ਗੱਠਜੋੜ ਦੇ ਅਗਵਾਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਟੀਮ ਦੇ ਹੋਰ ਲੀਡਰ ਇੱਕਦਮ ਫਿਰਕੂ ਪੱਤਾ ਇਤਿਹਾਸ ਦੇ ਕਿਸੇ ਵੀ ਹੋਰ ਦੌਰ ਤੋਂ ਵੱਧ ਉਕਸਾਊ ਢੰਗ ਨਾਲ ਵਰਤਦੇ ਦਿੱਸਣ ਲੱਗੇ ਹਨ। ਇਸ ਤਰ੍ਹਾਂ ਕਰਨ ਪਿਛੇ ਬਿਨਾਂ ਸ਼ੱਕ ਉਨ੍ਹਾਂ ਦਾ ਮਕਸਦ ਇੱਕ ਹੋਰ ਚੋਣ ਜਿੱਤ ਸਕਣਾ ਤੇ ਇੱਕ ਵਾਰੀ ਹੋਰ ਰਾਜ ਕਰਨ ਦਾ ਸੁਫਨਾ ਪੂਰਾ ਕਰਨਾ ਹੋਵੇ, ਪਰ ਇਸ ਨਾਲ ਉਹ ਇਸ ਦੇਸ਼ ਨੂੰ ਕਿਸੇ ਅੰਨ੍ਹੀ ਗਲ਼ੀ ਵਿੱਚ ਵੀ ਫਸਾ ਸਕਦੇ ਹਨ, ਜਿੱਥੋਂ ਨਿਕਲਣਾ ਫਿਰ ਸੌਖਾ ਨਹੀਂ ਰਹਿ ਜਾਣਾ।



ਜਤਿੰਦਰ ਪਨੂੰ

Matrimonial

ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਸਿੱਖ ਮੁੰਡਾ ਜਨਮ 1984, 5'10" ਤਲਾਕਸ਼ੁਦਾ ਕੋਈ ਬੱਚਾ ਨਹੀਂ, ਲਈ ਅਮਰੀਕਾ ਵਿੱਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜਰੂਰਤ ਹੈ।

ਸੰਪਰਕ- +1(510) 200-1772

Looking for a Bride for American Citizen Sikh Boy divorced from short marriage, No Kids. Born in 1984, height 5'10". Looking for American Citizen or Green Card Holder Girl.

Contact- +1(510) 200-1772


ਆਮ ਆਦਮੀ ਪਾਰਟੀ ਵੱਲੋਂ
ਐਡਵੋਕੇਟ ਸ. ਕਸ਼ਮੀਰ ਸਿੰਘ ਮੱਲ੍ਹੀ ਨੂੰ
ਸਟੇਟ ਲੀਗਲ ਵਿੰਗ ਦੇ Vice President ਲਾਉਣ 'ਤੇ
ਬਹੁਤ-ਬਹੁਤ ਮੁਬਾਰਕਾਂ
ਆਪ
ਆਮ ਆਦਮੀ ਪਾਰਟੀ
ਸ. ਕਸ਼ਮੀਰ ਸਿੰਘ ਮੱਲ੍ਹੀ
ਜਾਰੀ ਕਰਤਾ : ਬੂਟਾ ਸਿੰਘ ਬਾਸੀ, CEO ਸਾਂਝੀ ਸੋਚ ਟੀਵੀ

# ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE IMMIGRATION

*Where Hope Meets*

## IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

**WE CAN HELP YOU WORK AND SETTLE IN COUNTRIES WORLDWIDE ALSO**

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


ਸ਼੍ਰੋਮਣੀ ਅਕਾਲੀ ਦਲ
VOTE & SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ਼੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ਼੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ਼੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
PARWINDER PAL SINGH RATHAUR

# ਸੰਤ ਸਿੰਘ ਸੁੱਖਾ ਸਿੰਘ ਸਕੂਲ ਦੀ ਜਪਨੀਤ ਕੌਰ ਨੇ ਖਾਲਸਾ ਮੁਕਾਬਲਿਆਂ 'ਚ ਪਹਿਲਾ ਸਥਾਨ ਹਾਸਲ ਕੀਤਾ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ



ਸੰਤ ਸਿੰਘ ਸੁੱਖਾ ਸਿੰਘ ਖਾਲਸਾ ਸੀ. ਸੈ ਸਕੂਲ ਅੰਮ੍ਰਿਤਸਰ ਦੀ +1 ਮੈਡੀਕਲ ਦੀ ਵਿਦਿਆਰਥਣ ਜਪਨੀਤ ਕੌਰ ਨੇ ਕੇਸ ਸੰਭਾਲ ਪ੍ਰਚਾਰ ਸੰਸਥਾ ਅੰਮ੍ਰਿਤਸਰ ਵੱਲੋਂ 'He and she' ਖਾਲਸਾ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ 15 ਹਜ਼ਾਰ ਰੁ: ਦਾ ਨਕਦ ਇਨਾਮ ਜਿੱਤਿਆ ਅਤੇ ਸਕੂਲ ਤੇ ਮਾਤਾ ਪਿਤਾ ਦਾ ਨਾ ਰੋਸ਼ਨ ਕੀਤਾ।

ਇਸ ਮੌਕੇ ਤੇ ਸੰਸਥਾ ਦੇ ਪ੍ਰਿੰਸੀਪਲ ਡਾ. ਗੁਰਰਤਨ ਸਿੰਘ ਅਤੇ ਡਾਇਰੈਕਟਰ ਜਗਦੀਸ਼ ਸਿੰਘ ਵੱਲੋਂ ਵਿਦਿਆਰਥਣ ਜਪਨੀਤ ਕੌਰ ਨੂੰ ਵਧਾਈਆਂ ਦਿੱਤੀਆਂ, ਤਿਆਰੀ ਕਰਵਾਉਣ ਵਾਲੇ ਅਧਿਆਪਕ ਹਰਸ਼ਦੀਪ ਸਿੰਘ ਅਤੇ ਰਮਨਦੀਪ ਕੌਰ ਨੂੰ ਵੀ ਮੁਬਾਰਕਵਾਦ ਦਿੱਤੀ ਅਤੇ ਵਿਦਿਆਰਥਣ ਨੂੰ ਆਉਣ ਵਾਲੇ ਸਮੇਂ ਹੋਰ ਤਰੱਕੀਆਂ ਕਰਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਆਈ-20 ਗੋਲੀਬਾਰੀ ਦੇ ਮਾਮਲੇ 'ਚ ਗ੍ਰਿਫ਼ਤਾਰੀ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਆਈ-20 'ਤੇ 23 ਅਪ੍ਰੈਲ ਨੂੰ ਹੋਈ ਗੋਲੀਬਾਰੀ ਦੇ ਮਾਮਲੇ 'ਚ ਗ੍ਰਿਫਤਾਰੀ ਕੀਤੀ ਗਈ ਹੈ।ਕੈਡੋ ਪੈਰਿਸ਼ ਸ਼ੈਰਿਫ ਦੇ ਦਫਤਰ ਨੇ ਦੱਸਿਆ ਕਿ 36 ਸਾਲਾ ਗੁਰਪ੍ਰੀਤ ਸਿੰਘ ਜੱਜ ਅਤੇ ਗੂੜ੍ਹੇ ਰੰਗ ਦੀ ਐਸਯੂਵੀ ਚਲਾ ਰਹੇ ਕਿਸੇ ਵਿਅਕਤੀ ਵਿਚਾਲੇ ਕਿਸੇ ਤਰ੍ਹਾਂ ਦਾ ਜ਼ੁਬਾਨੀ ਝਗੜਾ ਹੋ ਗਿਆ। ਦੋਵੇਂ ਡਰਾਈਵਰ ਆਪਣੇ ਵਾਹਨਾਂ ਤੋਂ ਬਾਹਰ ਨਿਕਲ ਆਏ।ਜੱਜ ਨੇ ਫਿਰ ਭੱਜਣ ਦੀ ਕੋਸ਼ਿਸ਼ ਕੀਤੀ। ਪਰ ਐਸਯੂਵੀ ਡਰਾਈਵਰ, ਜਿਸ ਦੀ ਪਛਾਣ ਬਾਅਦ ਵਿੱਚ ਮਿਸੀਸਿਪੀ ਦੇ 34 ਸਾਲਾ ਅਮਨਵੀਰ ਸਿੰਘ ਵਜੋਂ ਹੋਈ, ਨੇ ਕਥਿਤ ਤੌਰ 'ਤੇ ਉਸ ਨੂੰ "ਮੌਤ" ਦੇ ਘਾਟ ਉਤਾਰ ਦਿੱਤਾ। ਇਸ ਤੋਂ ਬਾਅਦ ਉਹ ਮੌਕੇ ਤੋਂ ਫਰਾਰ ਹੋ ਗਿਆ। ਜਾਸੂਸਾਂ ਨੇ ਘਟਨਾ ਦੀ ਜਾਂਚ ਕਰਨ ਤੋਂ ਬਾਅਦ ਅਮਨਵੀਰ ਸਿੰਘ ਲਈ ਗ੍ਰਿਫਤਾਰੀ



ਵਾਰੰਟ ਪ੍ਰਾਪਤ ਕੀਤਾ। ਆਖਰਕਾਰ ਉਸ ਨੂੰ ਜੈਕਸਨ, ਮਿਸ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ। ਕਾਨੂੰਨ ਲਾਗੂ ਕਰਨ ਵਾਲੇ ਉਸ ਨੂੰ ਕੈਡੋ ਪੈਰਿਸ਼ ਵਾਪਸ ਭੇਜਣ ਲਈ ਕੰਮ ਕਰ ਰਹੇ ਹਨ।ਅਧਿਕਾਰੀਆਂ ਦਾ ਮੰਨਣਾ ਸੀ ਕਿ ਗੋਲੀਬਾਰੀ ਰੋਡ ਰੇਜ ਦੀ ਘਟਨਾ ਸੀ। ਹਾਲਾਂਕਿ, ਉਹ ਹੁਣ ਕਹਿੰਦੇ ਹਨ ਕਿ ਇਸ ਵਿੱਚ ਸ਼ਾਮਲ ਦੋਵੇਂ ਲੋਕ ਇੱਕ ਦੂਜੇ ਨੂੰ ਜਾਣਦੇ ਸਨ ਅਤੇ ਇਹ ਬੇਤਰਤੀਬ ਨਹੀਂ ਸੀ। ਇਥੇ ਇਹ ਵੀ ਵਰਣਨਯੋਗ ਹੈ ਕਿ ਜਦੋਂ ਤੱਕ ਅਦਾਲਤ ਕਿਸੇ ਨੂੰ ਸਜਾ ਨਹੀਂ ਸੁਣਾਉਂਦੀ ਉਦੋਂ ਤੱਕ ਕਿਸੇ ਨੂੰ ਵੀ ਦੋਸ਼ੀ ਨਹੀਂ ਕਿਹਾ ਜਾ ਸਕਦਾ।

# 70 ਲੱਖ ਰੁਪਏ ਜਮਾਂ ਕਰਵਾਉਣ ਦੇ ਬਾਵਜੂਦ ਗਣਪਤੀ ਅਸਟੇਟ ਪ੍ਰੀਤਮ ਇਨਕਲੇਵ ਨਗਰ ਨਿਗਮ ਦੀਆਂ ਸਹੂਲਤਾਂ ਤੋਂ ਵਾਂਝਾ -ਡਾ.ਰਕੇਸ਼ ਸ਼ਰਮਾ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਗਣਪਤੀ ਇਸਟੇਟ ਸਾਹਮਣੇ ਪਿੱਲਰ ਨੰਬਰ 48, ਬਟਾਲਾ ਰੋਡ ਵਿਖੇ ਨਗਰ ਨਿਗਮ ਵਲੋਂ ਮਨਜ਼ੂਰ ਸ਼ੁਦਾ ਕਲੋਨੀ ਹੈ। ਇਸ ਲਈ ਕਲੋਨੀ ਮਾਲਕਾਂ ਵਲੋਂ ਨਗਰ ਨਿਗਮ ਪਾਸੋਂ ਲਗਭਗ 70 ਲੱਖ ਰੁਪੈ ਤੱਕ ਜਮ੍ਹਾਂ ਕਰਵਾਏ ਗਏ ਹਨ। ਪ੍ਰੰਤੂ ਇਸ ਕਲੋਨੀ ਵਿੱਚ ਨਗਰ ਨਿਗਮ ਵਲੋਂ ਕੋਈ ਸਹੂਲਤ ਪ੍ਰਦਾਨ ਨਹੀਂ ਕੀਤੀ ਗਈ ਇਹਨਾਂ ਸ਼ਬਦਾ ਦਾ ਪ੍ਰਗਟਾਵਾ ਇੰਪਲਾਈਜ ਵੈਲਫ਼ੇਅਰ ਐਸੋਸੀਏਸ਼ਨ ਦੇ ਚੇਅਰਮੈਨ ਡਾ. ਰਾਕੇਸ਼ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝਾ ਕੀਤਾ ਉਹਨਾਂ ਕਿਹਾ ਕਿ ਨਗਰ ਨਿਗਮ ਵਲੋਂ ਇਸ ਕਲੋਨੀ ਵਿੱਚ ਕੋਈ ਵੀ ਸਫਾਈ ਕਰਮਚਾਰੀ ਤੱਕ ਤੈਨਾਤ ਨਹੀਂ ਕੀਤਾ ਗਿਆ ਅਤੇ ਨਾ ਹੀ ਕਿਸੇ ਸਟਰੀਟ ਲਾਇਟ ਦਾ ਇੰਤਜਾਮ ਕੀਤਾ ਗਿਆ ਹੈ। ਇਸ ਕਲੋਨੀ ਨਿਵਾਸੀਆਂ ਵਲੋਂ ਆਪਣੇ ਪੱਧਰ ਤੇ ਸਟਰੀਟ ਲਾਇਟਾਂ ਦਾ ਇੰਤਜਾਮ ਕਰਵਾਇਆ ਗਿਆ



ਹੈ। ਇਸ ਤੋਂ ਇਲਾਵਾ ਪਾਣੀ ਤਾਂ ਹਰੇਕ ਵਿਅਕਤੀ ਦਾ ਮਨੁੱਖੀ ਅਧਿਕਾਰ ਹੈ ਪ੍ਰੰਤੂ ਨਗਰ ਨਿਗਮ ਅੰਮ੍ਰਿਤਸਰ ਵਲੋਂ ਇਨ੍ਹਾਂ ਕਲੋਨੀਆਂ ਦੇ ਵਸਨੀਕਾਂ ਨੂੰ ਪਾਣੀ ਦੀ ਸਹੂਲਤ ਨਾ ਮੁਹੱਈਆ ਕਰਵਾ ਕੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ ਭਾਰਤ ਨੂੰ ਅਜਾਦ ਹੋਇਆ 77 ਸਾਲ ਹੋ ਗਏ ਹਨ, ਪ੍ਰੰਤੂ ਹਾਲ ਤੱਕ ਜਿਲ੍ਹਾ ਅੰਮ੍ਰਿਤਸਰ ਦੇ ਇਨ੍ਹਾਂ ਕਲੋਨੀਆਂ ਦੇ ਵਸਨੀਕਾਂ ਨੂੰ ਇਨ੍ਹਾਂ ਦੇ ਮਨੁੱਖੀ ਅਧਿਕਾਰਾਂ ਤੋਂ ਪਰੇ ਰੱਖਿਆ ਗਿਆ ਹੈ। ਇਨ੍ਹਾਂ ਕਲੋਨੀਆਂ ਦੇ ਵਸਨੀਕਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਲਈ ਰੋਜਾਨਾ ਹੀ ਨਗਰ ਨਿਗਮ, ਅੰਮ੍ਰਿਤਸਰ ਦੇ ਅਧਿਕਾਰੀਆਂ ਦੇ ਰਹਿਮੋ ਕਰਮ ਤੇ ਰਹਿਣਾ ਪੈ ਰਿਹਾ ਹੈ ਪ੍ਰੀਤਮ ਇਨਕਲੇਵ ਨੇੜੇ ਅਲਫਾ ਵਨ ਮਾਲ ਜੀ ਟੀ ਰੋਡ ਵਿਖੇ ਤਾਂ ਸੀਵਰਜ ਤੱਕ ਦੀ ਸੁਵਿੱਧਾ ਵੀ ਨਹੀਂ ਹੈ। ਇੱਥੋਂ ਹੀ ਕੁਝ ਦੂਰੀ ਤੇ ਹਲਕਾ ਪੂਰਬੀ ਦੇ ਵਿਧਾਇਕ ਮੈਡਮ ਜੀਵਨਜੋਤ ਕੌਰ ਦੀ ਰਿਹਾਇਸ਼ ਹੈ ਫੇਰ ਵੀ ਉਹਨਾਂ ਦਾ ਧਿਆਨ ਗਣਪਤੀ ਅਸਟੇਟ,ਪ੍ਰੀਤਮ ਇਨਕਲੇਵ ਵੱਲ ਨਹੀਂ ਜਾਂਦਾ ਡਾ.ਰਾਕੇਸ਼ ਕੁਮਾਰ ਸ਼ਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਲੋਕਲ ਬਾਡੀ ਮੰਤਰੀ ਪਾਸੋਂ ਮੰਗ ਕੀਤੀ ਕਿ ਨਗਰ ਨਿਗਮ, ਅੰਮ੍ਰਿਤਸਰ ਦੇ ਅਧਿਕਾਰੀਆਂ ਨੂੰ ਤੁਰੰਤ ਹਦਾਇਤ ਕੀਤੀ ਜਾਵੇ ਕਿ ਗਨਪਤੀ ਅਸਟੇਟ ਬਟਾਲਾ ਰੋਡ, ਅੰਮ੍ਰਿਤਸਰ ਅਤੇ ਪ੍ਰੀਤਮ ਇਨਕਲੇਵ, ਨੇੜੇ ਅਲਫਾ ਵਨ ਮਾਲ, ਅੰਮ੍ਰਿਤਸਰ ਵਿਖੇ ਮਨੁੱਖੀ ਬੇਸਿਕ ਜਰੂਰਤਾਂ ਜਿਵੇਂ ਕਿ ਬਿਜਲੀ (ਸਟਰੀਟ ਲਾਇਟਾਂ), ਪਾਣੀ, ਸੀਵਰਜ, ਅਤੇ ਸਫਾਈ ਦਾ ਪ੍ਰਬੰਧ ਕੀਤਾ ਜਾਵੇ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਲਾਲਚ ਬਦਲੇ ਵੋਟ ਨਾ ਪਾਉਣ ਦੀ ਅਪੀਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਸ਼ੁਰੂ ਕੀਤੇ ਗਏ ਪੋਡਕਾਸਟ ਦਾ ਤੀਜਾ ਐਪੀਸੋਡ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) 'ਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਐਪੀਸੋਡ ਵਿੱਚ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਚੋਣਾਂ ਦੌਰਾਨ ਵੰਡੀਆਂ ਜਾਣ ਵਾਲੀਆਂ ਮੁਫ਼ਤ ਦੀਆਂ ਵਸਤੂਆਂ, ਨਗਦੀ ਅਤੇ ਹੋਰ ਚੀਜ਼ਾਂ (ਫ੍ਰੀਬੀਜ) ਬਾਬਤ ਬਹੁਤ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਪੰਜਾਬ ਦੇ ਵੋਟਰਾਂ ਨੂੰ ਬਿਨਾਂ ਕਿਸੇ ਲਾਲਚ ਦੇ ਆਪਣਾ ਵੋਟ ਪਾਉਣ ਦੀ ਅਪੀਲ ਕੀਤੀ ਹੈ।

ਇਸ ਤੋਂ ਇਲਾਵਾ ਸਿਬਿਨ ਸੀ ਨੇ 'ਨੋਟਾ' ਬਾਰੇ ਵੀ ਬਹੁਤ ਰੌਚਕ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਪੋਲਿੰਗ ਬੂਥਾਂ ਉੱਤੇ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਬਹੁਤ ਸਾਰੇ ਬੰਦੋਬਸਤ ਕੀਤੇ ਜਾ ਰਹੇ ਹਨ ਅਤੇ ਵੋਟਰ ਵੀ ਆਪਣੀ ਵੋਟ ਦੀ ਵਰਤੋਂ ਜ਼ਰੂਰ ਕਰਨ।

ਸਿਬਿਨ ਸੀ ਨੇ ਪੋਡਕਾਸਟ ਵਿੱਚ ਲੋਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਬਹੁਤ ਸਪੱਸ਼ਟ ਸ਼ਬਦਾਂ ਵਿੱਚ ਦਿੱਤੇ ਹਨ। ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਚੋਣਾਂ ਬਾਬਤ ਤਾਜ਼ੀ ਅਤੇ ਪੁਖਤਾ ਜਾਣਕਾਰੀ ਹਾਸਲ ਕਰਨ ਲਈ ਮੁੱਖ ਚੋਣ ਅਧਿਕਾਰੀ ਦੇ ਦਫਤਰ ਵੱਲੋਂ ਚਲਾਏ ਜਾ ਰਹੇ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) ਨੂੰ ਜ਼ਰੂਰ ਫਾਲੋ/ਸਬਸਕ੍ਰਾਈਬ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਵਟਸਐਪ ਉੱਤੇ ਵੀ 'ਚੀਫ਼ ਇਲੈਕਟੋਰਲ ਆਫਿਸਰ, ਪੰਜਾਬ' ਦੇ ਨਾਮ ਨਾਲ ਇਕ ਚੈਨਲ ਬਣਾਇਆ ਗਿਆ ਹੈ, ਜਿੱਥੇ ਲੋਕ ਸਭਾ ਚੋਣਾਂ 2024 ਨਾਲ ਸਬੰਧਤ ਅਹਿਮ ਜਾਣਕਾਰੀਆਂ ਸ਼ੇਅਰ ਕੀਤੀਆਂ ਜਾ ਰਹੀਆਂ ਹਨ।

# ਭਾਜਪਾ ਵੱਲੋਂ ਨਰੇਸ਼ ਸ਼ਰਮਾ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਕਨਵੀਨਰ ਅਤੇ ਮਨਜੀਤ ਸਿੰਘ ਰਾਏ ਚੋਣ ਇੰਚਾਰਜ ਨਿਯੁਕਤ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਪਿਛਲੇ ਲੰਮੇ ਸਮੇਂ ਤੋਂ ਭਾਰਤੀ ਜਨਤਾ ਪਾਰਟੀ ਦੇ ਬਹੁਤ ਹੀ ਉੱਚ ਅਹੁਦਿਆਂ 'ਤੇ ਕਾਮਯਾਬ ਤਰੀਕੇ ਨਾਲ ਸ਼ਾਨਦਾਰ ਸੇਵਾ ਨਿਭਾਉਣ ਵਾਲੇ ਨਰੇਸ਼ ਸ਼ਰਮਾ ਨੂੰ ਭਾਰਤੀ ਜਨਤਾ ਪਾਰਟੀ ਹਾਈ ਕਮਾਂਡ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਕਨਵੀਨਰ ਅਤੇ ਪਾਰਟੀ ਦੇ ਸੀਨੀਅਰ ਲੀਡਰ ਸਰਦਾਰ ਮਨਜੀਤ ਸਿੰਘ ਰਾਏ ਨੂੰ ਲੋਕ ਸਭਾ ਦੇ ਚੋਣ ਇੰਚਾਰਜ ਵਜੋਂ ਨਿਯੁਕਤ ਕੀਤਾ ਗਿਆ ਹੈ,ਜਿਸ ਨਾਲ ਸਮੁੱਚੇ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਨਵ-ਨਿਯੁਕਤ ਚੋਣ ਕਨਵੀਨਰ ਨਰੇਸ਼ ਸ਼ਰਮਾ ਅਤੇ ਚੋਣ ਇੰਚਾਰਜ ਮਨਜੀਤ ਸਿੰਘ ਰਾਏ ਵੱਲੋਂ ਪੰਜਾਬ ਪ੍ਰਭਾਰੀ ਵਿਜੇ ਰੂਪਾਨੀ,ਪੰਜਾਬ ਪ੍ਰਧਾਨ ਸ੍ਰੀ ਸੁਨੀਲ ਜਾਖੜ,ਪੰਜਾਬ ਦੇ ਸੰਗਠਨ ਮੰਤਰੀ ਸ੍ਰੀ ਨਿਵਾਸੁਲੂ ਅਤੇ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਗਿਆ ਹੈ।ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਚੋਣ ਦਫਤਰ ਤਰਨਤਾਰਨ



ਵਿਖੇ ਸਮੁੱਚੇ ਪਾਰਟੀ ਵਰਕਰਾਂ,ਜਿਲਾ ਪ੍ਰਧਾਨਾਂ ਅਤੇ ਜ਼ਿਲ੍ਹਾ ਟੀਮਾਂ,ਸਰਕਲ ਪ੍ਰਧਾਨਾਂ ਅਤੇ ਮੋਰਚਿਆਂ ਦੇ ਅਹੁਦੇਦਾਰਾਂ ਨਾਲ ਨਰੇਸ਼ ਸ਼ਰਮਾ ਵੱਲੋਂ ਮੀਟਿੰਗ ਕਰਕੇ ਸੰਗਠਨਾਤਮਿਕ ਤਰੀਕੇ ਨਾਲ ਚੱਲ ਰਹੇ ਪਾਰਟੀ ਦੇ ਕੰਮ ਨੂੰ ਹੋਰ ਤੇਜ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ ਗਏ ਅਤੇ ਆਪਣੇ ਨਿੱਜੀ ਰਾਜਨੀਤੀ ਦੇ ਤਜਰਬੇ ਵੀ ਸਾਂਝੇ ਕੀਤੇ।ਇਸ ਮੌਕੇ ਤੇ ਉਨ੍ਹਾਂ ਵੱਲੋਂ ਜੋਰ ਦੇ ਕੇ ਆਖਿਆ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਦਾ ਹਰ ਇੱਕ ਬੂਥ ਜਿੱਤਣਾ ਸਾਡੀ ਸਾਰਿਆਂ ਦੀ ਜਿੰਮੇਵਾਰੀ ਹੈ।ਅਸੀਂ ਸਾਰੇ ਹੀ ਨਰਿੰਦਰ ਮੋਦੀ ਹਾਂ,ਇਸ ਕਰਕੇ ਚੜ੍ਹਦੀਕਲਾ ਦੀ ਗੱਲ ਕਰਨੀ ਹੈ ਅਤੇ ਹਰ ਇੱਕ ਪਾਰਟੀ ਆਗੂ ਨੇ ਸੰਗਠਨ ਵੱਲੋਂ ਮਿਲੇ ਕੰਮ ਨੂੰ ਤਨ ਮਨ ਨਾਲ ਨੇਪਰੇ ਚਾੜਣਾ ਹੈ।ਇਸ ਮੌਕੇ 'ਤੇ ਇਕੱਤਰ ਸਮੁੱਚੇ ਵਰਕਰਾਂ ਨੇ ਆਪਣੀ ਮਿਲੀ ਹੋਈ ਜਿੰਮੇਵਾਰੀ ਨੂੰ ਨਿਭਾਉਣ ਅਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਭਾਜਪਾ ਉਮੀਦਵਾਦ ਮਨਜੀਤ ਸਿੰਘ ਮੰਨਾ ਨੂੰ ਜਿਤਾਉਣ ਲਈ ਹਰ ਤਰਾਂ ਦੇ ਸੰਭਵ ਯਤਨ ਜਾਰੀ ਰੱਖਣ ਦਾ ਭਰੋਸਾ ਦਿੱਤਾ।


ਪ੍ਰੇਮ ਵਿਆਹ | ਸੌਤਨ ਦੁਸ਼ਮਨ ਤੋਂ ਛੁਟਕਾਰਾ
ਕੰਮ- ਕਾਰੋਬਾਰ 'ਚ ਰੁਕਾਵਟ | ਵਿਦੇਸ਼ ਯਾਤਰਾ ਜਾਂ PR 'ਚ ਰੁਕਾਵਟ
ਕਰਜ਼ਾ ਮੁਕਤੀ | ਗ੍ਰਹਿ ਕਲੇਸ਼ ਤੋਂ ਛੁਟਕਾਰਾ | ਪਤੀ -ਪਤਨੀ 'ਚ ਅਣਬਣ
ਕੀਤਾ ਕਰਾਇਆ | ਜਾਦੂ - ਟੂਣਾ | ਕੋਰਟ ਕੇਸ ਤੋਂ ਮੁਕਤੀ
ਲਾਟਰੀ ਦੇ ਲੱਕੀ ਨੰਬਰ ਪਾਓ| ਬਿਜ਼ਨਸ 'ਚ ਘਾਟਾ
Legal Documents
ਵਸ਼ੀਕਰਨ ਕਰਵਾਉਣਾ ਜਾਂ ਤੁੜਵਾਉਣ
ਪਿਆਰ 'ਚ ਧੋਖਾ ਖਾ ਚੁੱਕੇ
ਪ੍ਰੇਮੀ -ਪ੍ਰੇਮਿਕਾ ਇੱਕ ਵਾਰ
ਜ਼ਰੂਰ ਅਜ਼ਮਾਉਣ
ਕਾਲੇ ਜਾਦੂ ਵਰਗੀਆਂ
ਸਮੱਸਿਆਂਵਾਂ ਦਾ
ਜੜ ਤੋਂ ਖ਼ਾਤਮਾ
PANDIT SHARON
Contact (209) 629-6397
35 ਸਾਲ ਦਾ ਤਜ਼ਰਬਾ

# ਮੁੱਖ ਮੰਤਰੀ ਭਗਵੰਤ ਮਾਨ ਨੇ ਖਰੜ ਵਿਖੇ ਮਲਵਿੰਦਰ ਕੰਗ ਲਈ ਕੀਤਾ ਚੋਣ ਪ੍ਰਚਾਰ, ਵੱਡਾ ਰੋਡ ਸ਼ੋਅ ਕਰਕੇ ਲੋਕਾਂ ਨੂੰ ਕੀਤਾ ਸੰਬੋਧਨ

ਸ੍ਰੀ ਅਨੰਦਪੁਰ ਸਾਹਿਬ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਮਾਨ ਐਤਵਾਰ ਨੂੰ ਹਲਕਾ ਖਰੜ ਵਿੱਚ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਮਲਵਿੰਦਰ ਸਿੰਘ ਕੰਗ ਲਈ ਚੋਣ ਪ੍ਰਚਾਰ ਕੀਤਾ ਅਤੇ ਰੋਡ ਸ਼ੋਅ ਕੱਢਿਆ। ਜਿੱਥੇ ਉਨ੍ਹਾਂ ਦੇ ਨਾਲ ਮਲਵਿੰਦਰ ਕੰਗ ਅਤੇ ਹਲਕਾ ਖਰੜ ਤੋਂ ਵਿਧਾਇਕ ਅਤੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਅਤੇ ਚਮਕੌਰ ਸਾਹਿਬ ਤੋਂ ਵਿਧਾਇਕ ਚਰਨਜੀਤ ਸਿੰਘ ਵੀ ਮੌਜੂਦ ਸਨ। ਭਗਵੰਤ ਮਾਨ ਨੇ ਲੋਕਾਂ ਦੀ ਭਾਰੀ ਭੀੜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਲੋਕਾਂ ਦੇ ਉਤਸ਼ਾਹ ਨੂੰ ਦੇਖ ਕੇ ਬਹੁਤ ਖ਼ੁਸ਼ ਹਨ ਅਤੇ ਇੰਞ ਜਾਪਦਾ ਹੈ ਕਿ ਲੋਕਾਂ ਦਾ ਫ਼ਤਵਾ ਪਹਿਲਾਂ ਹੀ ਸਪੱਸ਼ਟ ਹੋ ਗਿਆ ਹੈ ਅਤੇ ਬਸ ਐਲਾਨ ਹੋਣਾ ਬਾਕੀ ਹੈ।

ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਹਰ ਪਾਸੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਬੀਤੇ ਦਿਨ ਉਹ ਗੁਜਰਾਤ ਵਿੱਚ ਸਨ ਅਤੇ ਉੱਥੇ ਉਨ੍ਹਾਂ ਦਾ ਰੋਡ ਸ਼ੋਅ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਗੂੰਜ ਰਿਹਾ ਸੀ। ਉਨ੍ਹਾਂ ਕਿਹਾ ਕਿ ਮੈਂ ਕਦੇ ਵੀ ਮਿਹਨਤ ਕਰਨ ਤੋਂ ਪਿੱਛੇ ਨਹੀਂ ਹਟਦਾ, ਜਦੋਂ ਉਨ੍ਹਾਂ (ਭਾਜਪਾ) ਨੇ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਵਿੱਚ ਪਾ ਦਿੱਤਾ ਤਾਂ ਮੇਰਾ ਕੰਮ ਅਤੇ ਜ਼ਿੰਮੇਵਾਰੀਆਂ ਦੁੱਗਣੀਆਂ ਹੋ ਗਈਆਂ ਹਨ, ਪਰੰਤੂ ਮੇਰੇ ਕੋਲ ਤੁਸੀਂ ਲੋਕ ਹੋ ਅਤੇ ਜਿਸ ਨੂੰ ਪੰਜਾਬੀਆਂ ਦਾ ਸਮਰਥਨ ਹੈ, ਉਹ ਕਦੇ ਵੀ ਅਸਫਲ ਨਹੀਂ ਹੋ ਸਕਦਾ।

ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੇ 43,000 ਸਰਕਾਰੀ ਨੌਕਰੀਆਂ, ਹਰੇਕ ਨੂੰ ਮੁਫ਼ਤ ਬਿਜਲੀ, ਹਰ ਖੇਤ ਨੂੰ ਟੇਲਾਂ ਤੱਕ ਨਹਿਰੀ ਪਾਣੀ, 850 ਤੋਂ ਵੱਧ ਆਮ ਆਦਮੀ ਕਲੀਨਿਕ, 13 ਸਕੂਲ ਆਫ ਐਮੀਨੈਂਸ ਅਤੇ ਕਿਸਾਨਾਂ ਨੂੰ ਦਿਨ ਦੇ ਸਮੇਂ ਬਿਜਲੀ ਦਿੱਤੀ ਅਤੇ ਉਹ ਵੀ ਸਿਰਫ਼ ਦੋ ਸਾਲਾਂ ਵਿੱਚ। ਉਨ੍ਹਾਂ ਕਿਹਾ ਕਿ ਜਿੱਥੇ ਬਾਕੀ ਸਰਕਾਰਾਂ ਸਰਕਾਰ ਦੀਆਂ ਜਾਇਦਾਦਾਂ ਆਪਣੇ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਵੇਚਦੀਆਂ ਹਨ, ਉੱਥੇ ਹੀ ਉਨ੍ਹਾਂ ਦੀ ਸਰਕਾਰ ਨੇ ਜੀਵੀਕੇ ਪਾਵਰ ਪਲਾਂਟ ਖ਼ਰੀਦ ਕੇ ਗੁਰੂ ਅਮਰਦਾਸ ਜੀ ਦੇ ਨਾਂ 'ਤੇ ਰੱਖਿਆ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਪੰਜਾਬ ਸਰਕਾਰ ਉਦਯੋਗਾਂ ਨੂੰ ਵੀ ਸਸਤੀ ਬਿਜਲੀ ਦੇਵੇਗੀ ਅਤੇ ਇਸ ਨਾਲ ਪੰਜਾਬ ਵਿੱਚ ਵਪਾਰ ਬੜੀ ਤੇਜ਼ੀ ਨਾਲ ਵਧੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਟਾਟਾ ਸਟੀਲ ਵਰਗੀਆਂ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰ ਰਹੀਆਂ ਹਨ।



ਭਗਵੰਤ ਮਾਨ ਨੇ ਕਿਹਾ ਕਿ ਇਸ ਆਉਣ ਵਾਲੇ ਸੀਜ਼ਨ ਵਿੱਚ 70 ਫੀਸਦੀ ਨਹਿਰੀ ਪਾਣੀ ਪੰਜਾਬ ਦੇ ਖੇਤਾਂ ਨੂੰ ਸਿੰਚਾਈ ਲਈ ਦਿੱਤਾ ਜਾਵੇਗਾ। ਇਸ ਨਾਲ ਬਿਜਲੀ ਬੋਰਡ ਦੇ ਲਗਭਗ 7,000 ਕਰੋੜ ਰੁਪਏ ਦੀ ਬੱਚਤ ਹੋਵੇਗੀ ਅਤੇ ਇਸ ਪੈਸੇ ਨਾਲ ਉਨ੍ਹਾਂ ਦੀ ਸਰਕਾਰ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਦੀ ਗਰੰਟੀ ਪੂਰੀ ਕਰੇਗੀ। ਭਗਵੰਤ ਮਾਨ ਨੇ ਕਿਹਾ ਕਿ ਉਹ ਪੈਸੇ ਕਮਾਉਣ ਲਈ ਰਾਜਨੀਤੀ ਵਿੱਚ ਨਹੀਂ ਆਏ ਹਨ, ਉਹ ਇੱਥੇ ਸਿਸਟਮ ਨੂੰ ਬਦਲਣ, ਇਸ ਨੂੰ ਬਿਹਤਰ ਬਣਾਉਣ, ਪੰਜਾਬ ਅਤੇ ਪੰਜਾਬੀਆਂ ਦੀ ਸੇਵਾ ਕਰਨ ਲਈ ਆਏ ਹਨ। ਭਗਵੰਤ ਮਾਨ ਨੇ ਕਿਹਾ ਕਿ ਕਿਸੇ ਸੂਬੇ ਦੇ ਵਿਕਾਸ ਲਈ ਸਭ ਦਾ ਵਿਕਾਸ ਜ਼ਰੂਰੀ ਹੈ, ਉਹ ਚਾਹੁੰਦੇ ਹਨ ਕਿ ਕਿਸਾਨ, ਵਪਾਰੀ, ਮਜ਼ਦੂਰ ਹਰ ਵਰਗ ਖ਼ੁਸ਼ ਹੋਵੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਦਾ ਬਣਦਾ ਮੁੱਲ ਮਿਲੇ। ਉਨ੍ਹਾਂ ਕਿਹਾ ਕਿ ਮੈਂ ਪੰਜਾਬ 'ਚ ਦੋ ਸਾਲਾਂ 'ਚ ਕੀਤੇ ਕੰਮਾਂ ਦੇ ਆਧਾਰ 'ਤੇ ਵੋਟਾਂ ਮੰਗ ਰਿਹਾ ਹਾਂ, ਦਿੱਲੀ 'ਚ ਅਸੀਂ ਆਪਣੇ 8 ਸਾਲਾਂ ਦੇ ਕੰਮ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਾਂ, ਕਿਉਂਕਿ ਅਸੀਂ ਕੰਮ ਦੀ ਰਾਜਨੀਤੀ ਕਰਦੇ ਹਾਂ। ਇਹ ਬਹੁਤ ਹੀ ਸ਼ਰਮ ਦੀ ਗੱਲ ਹੈ ਕਿ 10 ਸਾਲ ਪ੍ਰਧਾਨ ਮੰਤਰੀ ਰਹੇ ਨਰਿੰਦਰ ਮੋਦੀ ਮੰਗਲ-ਸੂਤਰ ਅਤੇ ਧਰਮ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਨਫਰਤ ਦੀ ਰਾਜਨੀਤੀ ਕਰਦੀ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੀਆਂ ਜੜ੍ਹਾਂ ਪੰਜਾਬ ਵਿੱਚ ਨਾ ਲੱਗਣ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਆਪਣੀ ਭਾਈਚਾਰਕ ਸਾਂਝ ਲਈ ਜਾਣਿਆ ਜਾਂਦਾ ਹੈ, ਅਸੀਂ ਗੁਰਪੁਰਬ, ਈਦ ਅਤੇ ਰਾਮਨੌਮੀ ਵਰਗੇ ਤਿਉਹਾਰ ਇਕੱਠੇ ਮਨਾਉਂਦੇ ਹਾਂ। ਗੁਰੂ ਨਾਨਕ ਦੇਵ ਜੀ ਵੱਲੋਂ 20 ਰੁਪਏ ਨਾਲ ਸ਼ੁਰੂ ਕੀਤਾ ਗਿਆ ਲੰਗਰ ਸਮੁੱਚੀ ਮਨੁੱਖਤਾ ਲਈ 'ਸਰਬ ਸਾਂਝ' ਹੈ।

ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਗੁਰੂਆਂ ਅਤੇ ਮਹਾਨ ਕੁਰਬਾਨੀਆਂ ਦੀ ਧਰਤੀ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਵਾਸ ਨਾ ਕਰਨ, ਕਿਉਂਕਿ ਹੁਣ ਸਿਸਟਮ ਬਦਲ ਰਿਹਾ ਹੈ, ਭ੍ਰਿਸ਼ਟਾਚਾਰ ਖ਼ਤਮ ਹੋ ਗਿਆ ਹੈ ਅਤੇ ਪੰਜਾਬ ਵਿੱਚ ਲੋਕਾਂ ਨੂੰ ਨੌਕਰੀਆਂ, ਕਰੀਅਰ ਅਤੇ ਨਵੇਂ ਕਾਰੋਬਾਰ ਦੇ ਮੌਕੇ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਵੇਰਕਾ ਅਤੇ ਮਾਰਕਫੈੱਡ ਵਰਗੇ ਵਿਭਾਗਾਂ ਨੂੰ ਲਾਭਦਾਇਕ ਬਣਾਇਆ ਹੈ। ਉਨ੍ਹਾਂ ਕਿਹਾ ਕਿ ਉਹ ਉਚਾਈਆਂ ਜਾਂ ਗਹਿਰਾਈਆਂ ਤੋਂ ਨਹੀਂ ਡਰਦੇ, ਉਨ੍ਹਾਂ ਨੂੰ ਕੇਵਲ ਇੱਕ ਅਕਾਲ ਪੁਰਖ ਦਾ ਡਰ ਹੈ।

ਭਗਵੰਤ ਮਾਨ ਨੇ ਦੂਜੀਆਂ ਪਾਰਟੀਆਂ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਉਨ੍ਹਾਂ 'ਤੇ ਹਰ ਰੋਜ਼ ਪਿਆਰ ਅਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ ਜਦਕਿ ਅਕਾਲੀ, ਭਾਜਪਾ ਅਤੇ ਕਾਂਗਰਸੀ ਆਗੂਆਂ ਨਾਲ ਹੱਥ ਮਿਲਾਉਣ ਤੋਂ ਬਾਅਦ ਲੋਕ ਇਹ ਯਕੀਨੀ ਬਣਾਉਣ ਲਈ ਆਪਣੀਆਂ ਉਂਗਲਾਂ ਗਿਣਦੇ ਹਨ ਕਿ ਉਨ੍ਹਾਂ ਨੇ ਕੋਈ ਚੋਰੀ ਤਾਂ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਉਦੋਂ ਹੀ ਪੰਜਾਬ ਨੂੰ ਬਚਾਉਣ ਲਈ ਨਿਕਲਦੇ ਹਨ, ਜਦੋਂ ਤਾਪਮਾਨ 30 ਡਿਗਰੀ ਸੈਲਸੀਅਸ ਤੋਂ ਹੇਠਾਂ ਹੁੰਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਹੀਟ ਸਟ੍ਰੋਕ ਹੋ ਜਾਂਦਾ ਹੈ। ਪਹਿਲਾਂ ਪੰਜਾਬ ਵਿੱਚ ਅਜਿਹੇ ਮੁੱਖ ਮੰਤਰੀ ਸਨ ਜੋ ਵੋਟਾਂ ਲੈਣ ਤੋਂ ਬਾਅਦ ਆਪਣੇ ਮਹਿਲਾਂ ਦੇ ਗੇਟ ਬੰਦ ਕਰ ਲੈਂਦੇ ਸਨ। ਪਰੰਤੂ ਪੰਜਾਬ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੇ ਲੋਕਾਂ ਦੀ ਆਪਣੀ ਸਰਕਾਰ ਹੈ, 90 ਫੀਸਦੀ ਨੌਜਵਾਨ ਮੈਨੂੰ 'ਬਾਈ ਜੀ' ਕਹਿ ਕੇ ਬੁਲਾਉਂਦੇ ਹਨ ਕਿਉਂਕਿ ਮੈਂ ਉਨ੍ਹਾਂ ਵਿੱਚੋਂ ਇੱਕ ਹਾਂ।

ਖਰੜ ਦੇ ਲੋਕਾਂ ਨੇ ਭਗਵੰਤ ਮਾਨ ਨਾਲ ਵਾਅਦਾ ਕੀਤਾ ਕਿ 4 ਜੂਨ ਨੂੰ ਦੁਪਹਿਰ 2 ਵਜੇ ਤੋਂ ਪਹਿਲਾਂ ਹੀ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਨੂੰ ਜੇਤੂ ਐਲਾਨ ਦਿੱਤਾ ਜਾਵੇਗਾ। ਸੰਬੋਧਨ ਦੀ ਸਮਾਪਤੀ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ ਰੋਡ ਸ਼ੋਅ ਵਿੱਚ ਐਨੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਲੋਕਾਂ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਸਾਰਿਆਂ ਦਾ ਲਗਾਤਾਰ ਸਹਿਯੋਗ ਦੇਣ ਲਈ ਧੰਨਵਾਦ ਵੀ ਕੀਤਾ।

# ਚੋਣਾਂ ਤੋਂ ਪਹਿਲਾਂ 830 ਕਰੋੜ ਨਾਲ ਸਟਾਰਟਅੱਪ ਸ਼ੁਰੂ ਕਰਨ ਵਾਲੇ ਸੰਧੂ ਸਮੁੰਦਰੀ ਨੇ ਸਭ ਦਾ ਦਿਲ ਜਿੱਤਿਆ – ਪ੍ਰੋ.ਖਿਆਲਾ, ਡਾ.ਸਠਿਆਲਾ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਬਣ ਕੇ ਵੀ ਕਈ ਲੋਕ ਆਪਣੇ ਹਲਕੇ ਦਾ ਕੁਝ ਨਹੀਂ ਸਵਾਰ ਸਕੇ ਹਨ। ਪਰ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਵਾਅਦੇ ਐੱਮ ਪੀ ਬਣਨ ਤੋਂ ਪਹਿਲਾਂ ਹੀ ਪੂਰੇ ਹੋ ਰਹੇ ਹਨ। ਜਿਸ ਦੀ ਮਿਸਾਲ 830 ਕਰੋੜ ਰੁਪਏ ਨਾਲ ਅਮਰੀਕਨ ਭਾਰਤੀ ਪ੍ਰਵਾਸੀ ਭਾਈਚਾਰੇ ਵੱਲੋਂ ਅੰਮ੍ਰਿਤਸਰ ਵਿਚ ਨੌਜਵਾਨ ਅਤੇ ਇਸਤਰੀਆਂ ਨੂੰ ਸਵੈ ਰੁਜ਼ਗਾਰ ਲਈ ਸਟਾਰਟਅੱਪ ਸ਼ੁਰੂ ਕਰਨ 'ਚ ਮਦਦ ਦੇਣ ਤੋਂ ਮਿਲਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਸੂਬਾ ਬੁਲਾਰੇ ਅਤੇ ਸੰਧੂ ਸਮੁੰਦਰੀ ਦੇ ਨਿੱਜੀ ਸਲਾਹਕਾਰ ਪ੍ਰੋ. ਸਰਚਾਂਦ ਸਿੰਘ ਖਿਆਲਾ ਅਤੇ ਭਾਜਪਾ ਦੇ ਸੂਬਾਈ ਬੁੱਧੀਜੀਵੀ ਸੈੱਲ ਦੇ ਕੋ ਕਨਵੀਨਰ ਸਰਬਜੀਤ ਸਿੰਘ ਸਠਿਆਲਾ ਨੇ ਸਾਂਝੇ ਤੌਰ 'ਤੇ ਕੀਤਾ ਹੈ। ਇਸ ਮੌਕੇ ਉਨਾਂ ਨਾਲ ਸੰਤੋਖ ਸਿੰਘ ਗੁੰਮਟਾਲਾ ਅਤੇ ਗਬਰਕਵਲ ਸਿੰਘ ਮਾਨ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੁਆਰਾ ਇਸ ਕਾਰਜ ਲਈ ਐਨਆਰਈ ਨੂੰ ਪ੍ਰੇਰਿਤ ਕੀਤਾ ਗਿਆ। ਅਤੇ ਪ੍ਰਵਾਸੀ ਭਾਰਤੀਆਂ ਦੇ ਇੱਕ ਸਮੂਹ ਨੇ 'ਵਿਕਸਿਤ ਅੰਮ੍ਰਿਤਸਰ ਇਨੀਸ਼ੀਏਟਿਵ' ਤਹਿਤ 100 ਮਿਲੀਅਨ ਅਮਰੀਕੀ ਡਾਲਰ, ਜੋ ਕਿ ਲਗਭਗ 830 ਕਰੋੜ ਰੁਪਏ ਹਨ, ਇਕੱਠੇ ਕਰ ਲਏ ਹਨ। ਇਸ ਸਮੂਹ ਵਿੱਚੋਂ ਬਹੁਤ ਸਾਰੇ ਅੰਮ੍ਰਿਤਸਰ ਨਾਲ ਸਬੰਧਿਤ ਹਨ, ਉਹਨਾਂ ਨੇ ਅੰਮ੍ਰਿਤਸਰ ਵਿੱਚ ਸਟਾਰਟਅੱਪ ਅਤੇ ਵਿਕਾਸ-ਮੁਖੀ ਉੱਦਮੀਆਂ ਲਈ ਸਹਾਇਤਾ ਦਾ ਐਲਾਨ ਕੀਤਾ ਹੈ। ਜੋ ਵਿਕਾਸ ਦੇ ਮੁੱਦਿਆਂ-ਸਿਹਤ, ਸੈਰ ਸਪਾਟਾ, ਖੇਤੀਬਾੜੀ, ਉਦਯੋਗ, ਵਣਜ, ਹੁਨਰ ਵਿਕਾਸ, ਸਿੱਖਿਆ, ਸੂਚਨਾ ਤਕਨਾਲੋਜੀ ਅਤੇ ਰਿਹਾਇਸ਼ ਨੂੰ ਦਿੱਤਾ ਜਾਵੇਗਾ। ਇਸ ਰਾਹੀਂ ਨਾ ਸਿਰਫ਼ ਰਿਹਾਇਸ਼ੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ, ਸਗੋਂ ਔਰਤਾਂ ਅਤੇ ਨੌਜਵਾਨ ਉੱਦਮੀਆਂ 'ਤੇ ਵੀ ਧਿਆਨ ਦਿੱਤਾ ਗਿਆ ਹੈ। ਇਸ ਵਿੱਚ ਮੁਕੇਸ਼ ਆਘੀ ਦੀ ਅਗਵਾਈ ਵਿੱਚ ੂਸ਼ੀਸ਼ਫਢ (ਯੂਐਸ-ਇੰਡੀਆ ਰਣਨੀਤਕ ਭਾਈਵਾਲੀ ਫੋਰਮ) ਅਤੇ ਫਿੱਕੀ (ਫੈਡਰੇਸ਼ਨ ਆਫ਼ ਇੰਡੀਅਨ ਚੈਂਬਰਜ਼ ਆਫ਼ ਕਾਮਰਸ ਐਂਡ ਇੰਡਸਟਰੀਜ਼) ਵੀ ਸ਼ਾਮਲ ਹਨ। ਉਨ੍ਹਾਂ ਨੇ 2 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਮੁੱਢਲੀ ਮੀਟਿੰਗ ਕੀਤੀ।

ਇਸ ਤੋਂ ਇਲਾਵਾ ਅੰਮ੍ਰਿਤਸਰ ਵਿੱਚ ਅਮਰੀਕਨ ਕੌਂਸਲੇਟ ਖੋਲ੍ਹਣ, ਵੀਐਫਐਸ ਸੈਂਟਰ ਖੋਲ੍ਹਣ ਅਤੇ ਨੌਜਵਾਨਾਂ ਨੂੰ ਬਹੁਰਾਸ਼ਟਰੀ ਕੰਪਨੀਆਂ ਵਿੱਚ ਨੌਕਰੀਆਂ ਦੇ ਯੋਗ ਬਣਾਉਣ ਲਈ ਸਿਖਲਾਈ ਦੇਣ ਵਰਗੇ ਕਈ ਕੰਮ ਪ੍ਰਗਤੀ 'ਚ ਹਨ। ਹੁਣ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਂਸਦ ਬਣਨ ਤੋਂ ਪਹਿਲਾਂ ਅੰਮ੍ਰਿਤਸਰ ਲਈ ਇਹ ਯੋਗਦਾਨ ਪਾਉਣ ਵਾਲੇ ਵਿਅਕਤੀ ਸਾਂਸਦ ਬਣਨ ਤੋਂ ਬਾਅਦ ਹੋਰ ਵੀ ਵੱਧ ਯੋਗਦਾਨ ਪਾ ਸਕਣਗੇ।



ਭਾਜਪਾ ਆਗੂਆਂ ਨੇ ਕਿਹਾ ਕਿ ਸੰਧੂ ਸਮੁੰਦਰੀ ਵੱਲੋਂ ਅੰਮ੍ਰਿਤਸਰ ਲਈ ਕਈ ਵਿਕਾਸ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।

ਇਸ ਦਾ ਖ਼ਾਕਾ ਤਿਆਰ ਕਰ ਲਿਆ ਗਿਆ ਹੈ। ਜਿਸ ਨਾਲ ਗੁਰੂ ਦੀ ਨਗਰੀ ਨੂੰ ਮੁੜ ਉਸੇ ਥਾਂ 'ਤੇ ਲਿਆਂਦਾ ਜਾਵੇਗਾ ਜਿੱਥੇ ਪਹਿਲਾਂ ਹੁੰਦਾ ਸੀ। ਉਨ੍ਹਾਂ ਕਿਹਾ ਕਿ ਇਸ ਸ਼ਹਿਰ ਵਿੱਚ ਹਰ ਰੋਜ਼ ਦੋ ਤੋਂ ਢਾਈ ਲੱਖ ਤੋਂ ਵੱਧ ਸੈਲਾਨੀ ਆ ਰਹੇ ਹਨ, ਜਿਸ ਦੇ ਮੱਦੇਨਜ਼ਰ ਵਿਕਾਸ ਯੋਜਨਾਵਾਂ ਨੂੰ ਤੇਜ਼ੀ ਨਾਲ ਲਾਗੂ ਕਰਕੇ ਉਨ੍ਹਾਂ 'ਤੇ ਕੰਮ ਕਰਨ ਦੀ ਬਹੁਤ ਲੋੜ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਮੁੜ ਮੋਦੀ ਸਰਕਾਰ ਆ ਰਹੀ ਹੈ, ਪਰ ਅਸੀਂ ਚਾਹੁੰਦੇ ਹਾਂ ਕਿ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਭਾਜਪਾ ਦਾ ਹੋਵੇ। ਤਾਂ ਜੋ ਸ਼ਹਿਰ ਦੇ ਵਿਕਾਸ ਲਈ ਫ਼ੰਡ ਪ੍ਰਾਪਤ ਕਰਨਾ ਆਸਾਨ ਹੋ ਜਾਵੇ। ਤੁਸੀਂ ਉਸ ਨੂੰ ਵੋਟ ਪਾ ਕੇ ਜਿਤਾਓਗੇ, ਉਹ ਮੋਦੀ ਸਾਹਿਬ ਦੀ ਬਾਂਹ ਬਣੇਗਾ ਅਤੇ ਸ਼ਹਿਰ ਲਈ ਬਹੁਤ ਵਿਸ਼ੇਸ਼ ਪੈਕੇਜ ਲੈ ਕੇ ਆਉਣਗੇ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਅਪਰਾਧ ਮੁਕਤ, ਨਸ਼ਾ ਮੁਕਤ ਅਤੇ ਸੈਰ ਸਪਾਟੇ ਨੂੰ ਪ੍ਰਫੁੱਲਿਤ ਕੀਤਾ ਜਾਵੇ ਅਤੇ ਵਿਕਾਸ ਦੀ ਰਫ਼ਤਾਰ ਬਹੁਤ ਤੇਜ਼ ਹੋਵੇ, ਇਸ ਲਈ ਉਨ੍ਹਾਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਜਿਤਾਉਣ ਲਈ ਕਮਲ ਦੇ ਫੁੱਲ 'ਤੇ ਵੋਟ ਪਾਉਣ ਦੀ ਅਪੀਲ ਕੀਤੀ।


VOTE & SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
RAVINDER SINGH BOYAL

# ਬੀਕੇਯੂ ਡਕੌਂਦਾ ਦੀ ਜ਼ਿਲ੍ਹਾ ਪੱਧਰੀ ਮੀਟਿੰਗ 'ਚ ਅਹਿਮ ਮਸਲੇ ਵਿਚਾਰੇ

ਸੰਗਰੂਰ
ਸਾਂਝੀ ਸੋਚ ਬਿਊਰੋ

ਬੀਕੇਯੂ ਏਕਤਾ ਡਕੌਂਦਾ ਦੀ ਜ਼ਿਲ੍ਹਾ ਪੱਧਰੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਨਾਨਕਿਆਣਾ ਸਾਹਿਬ ਸੰਗਰੂਰ ਵਿਖੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਸੂਬਾ ਜਰਨਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਤੇ ਕਰਮ ਸਿੰਘ ਬਲਿਆਲ ਦੀ ਅਗਵਾਈ ਹੇਠ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਿਲਾ ਪ੍ਰੈੱਸ ਸਕੱਤਰ ਕੁਲਦੀਪ ਜੋਸ਼ੀ ਨੇ ਦੱਸਿਆ ਕਿ ਤੇ ਲਖਬੀਰ ਸਿੰਘ ਲੱਖਾ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਬਲਾਕ ਧੂਰੀ ਦੇ ਪ੍ਰਧਾਨ ਨਾਜਮ ਸਿੰਘ ਪੁੰਨਾਵਾਲ, ਬਲਾਕ ਸ਼ੇਰਪੁਰ ਦੇ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਭਵਾਨੀਗੜ੍ਹ ਤੋਂ ਬੁੱਧ ਸਿੰਘ, ਗੋਰਾ ਸਿੰਘ ਭੱਟੀਵਾਲ, ਨਛੱਤਰ ਸਿੰਘ ਅਤੇ ਬਲਾਕ ਸਨਾਮ ਤੋਂ ਪ੍ਰਧਾਨ ਬਿੰਦਰ ਪਾਲ ਸ਼ਰਮਾ ਜੀ ਸਮੇਤ ਆਪਣੀ ਬਲਾਕ ਟੀਮ ਤੇ ਇਕਾਈਆਂ ਦੇ ਪ੍ਰਧਾਨਾਂ ਅਤੇ ਵਰਕਰਾਂ ਦੀ ਹਾਜ਼ਰੀ ਵਿੱਚ ਸ਼ੁਰੂ ਕੀਤੀ ਗਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਵਿਚਾਰ ਕੀਤਾ ਗਿਆ ਜਿਸ ਵਿੱਚ ਅੱਜ ਮੇਨ 21 ਮਈ ਨੂੰ ਸੂਬਾ ਪੱਧਰੀ ਕਿਸਾਨ ਮਹਾਂਪੰਚਾਇਤ ਜਗਰਾਉਂ ਵਿਖੇ ਕਰਨ ਸੰਬੰਧੀ ਇੱਕ ਨੰਬਰ ਤੇ ਮੁੱਦਾ ਲਾਇਆ ਗਿਆ। ਨੰਬਰ ਦੋ ਤੇ 6 ਮਈ 2024 ਨੂੰ ਜਮਹੂਰੀ ਅਧਿਕਾਰ ਸਭਾ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਰੋਧ ਵਿੱਚ ਮੀਟਿੰਗ ਸੰਗਰੂਰ ਬਨਸਰ ਬਾਗ ਵਿਚ ਰੱਖੀ ਗਈ ਹੈ ਤੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਫਾਸ਼ੀਵਾਦੀ ਨੀਤੀਆਂ ਦਾ ਪਰਦਾਫਾਸ਼ ਕੀਤਾ ਜਾਣ ਦਾ ਮੁੱਦਾ ਲਾਇਆ ਗਿਆ ਹੈ।

ਨੰਬਰ ਤਿੰਨ ਜਹਾਂਗੀਰ ਦੇ ਮਸਲੇ ਵਿੱਚ ਕੇਸ ਬਦਲ ਕੇਐੱਸਡੀਐੱਮ ਧੂਰੀ ਤੋਂ ਐੱਸਡੀਐੱਮ ਭਵਾਨੀਗੜ੍ਹ ਨੂੰ ਮਾਰਕ ਕੀਤਾ ਗਿਆ ਦੇਸ਼ ਸਬੰਧ ਵਿੱਚ ਜਿਸ ਦੀ ਅਗਲੀ ਤਰੀਕ 14 ਮਈ ਹੈ ਉਹਦੇ ਸਬੰਧੀ ਵਿਚਾਰ ਕੀਤਾ ਗਿਆ ਅਤੇ ਸੀਜ਼ਨਲ ਫੰਡ ਇਕੱਠਾ ਕਰਨ ਬਾਰੇ



ਵਿਚਾਰ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡ ਫਰਵਾਹੀ ਬਲਾਕ ਸ਼ੇਰਪੁਰ ਦਾ ਮਸਲਾ ਜੋ ਏਜੰਟ ਤੋਂ ਪੈਸਾ ਮੁੜਵਾਉਣ ਸਬੰਧੀ ਲਾਇਆ ਗਿਆ।

ਨੰਬਰ ਛੇ ਤੇ ਮੈਡੀਕਲ ਕਾਲਜ ਮਸਤੂਆਣਾ ਸਾਹਿਬ ਬਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਇਸ ਤੋਂ ਇਲਾਵਾ ਜ਼ਿਲ੍ਹਾ ਮੀਟਿੰਗ ਅਗਲੀ ਤਰੀਕ ਤੇ ਜਗ੍ਹਾ ਨਿਸ਼ਚਿਤ ਕਰਨ ਬਾਰੇ ਵਿਚਾਰ ਕੀਤਾ ਗਿਆ। ਬਲਾਕ ਸੁਨਾਮ ਵੱਲੋਂ ਲੌਂਗੋਵਾਲ ਬੈਂਕ ਕੋਪਰੇਟਿਵ ਦੇ ਅੱਗੇ ਜੋ ਧਰਨਾ ਲਾਇਆ ਗਿਆ ਇਹਦੇ ਸਬੰਧੀ ਵਿਚਾਰ ਕੀਤਾ ਗਿਆ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਾਰੇ ਮੁੱਦੇ ਵਿਚਾਰੇ ਗਏ ਸਾਰੇ ਮੁੱਦਿਆਂ ਦੇ ਵਿਚਾਰਨ ਤੋਂ ਬਾਅਦ ਦੇ ਵਿੱਚ ਮੁੱਖ ਮੁੱਦਾ ਉਹ ਵੀ ਜਿਹੜਾ 21 ਮਈ ਨੂੰ ਜਗਰਾਉਂ ਵਿਖੇ ਕਿਸਾਨ ਮਹਾਂ ਪੰਚਾਇਤ ਕਰਨ ਦੇ ਸਬੰਧ ਵਿੱਚ ਰੱਖਿਆ ਗਿਆ ਹੈ ਜਿਸ ਦੇ ਵਿੱਚ ਬੀਜੇਪੀ ਧੱਕਾ ਕਰ ਰਹੀ ਹੈ ਇਸ ਵਿੱਚ ਜੋ ਮੇਨ ਮੁੱਦਾ ਉਹ "ਬੀਜੇਪੀ ਹਰਾਓ ਕਾਰਪੋਰੇਟ ਭਜਾਓ" ਤੇ ਦੇਸ਼ ਨੂੰ ਬਚਾਓ ਦੇ ਨਾਅਰੇ ਹੇਠ ਸਾਰੇ ਬਲਾਕਾਂ ਪਿੰਡਾਂ ਦੇ ਪ੍ਰਧਾਨਾਂ ਨੂੰ ਵੱਧ ਤੋਂ ਵੱਧ ਇਕੱਠ ਕਰਕੇ ਲਿਜਾਣ ਸਬੰਧੀ ਹਦਾਇਤ ਕੀਤੀ ਗਈ।

ਜਿਸ ਦੇ ਵਿੱਚ ਜ਼ਿਲ੍ਹਾ ਸੰਗਰੂਰ ਦੇ ਵਿੱਚੋਂ ਘੱਟੋ ਘੱਟ 1200 ਤੋਂ ਲੈ ਕੇ 1400 ਜਿਹੜੇ ਵਰਕਰ ਨੇ ਇਹ ਜਾਣਗੇ ਜੀ ਤੇ ਇਸ ਰੈਲੀ ਦਾ ਜਿਹੜਾ ਮੇਨ ਮੁੱਦਾ ਉਹ ਹੈ ਵੀ ਜੋ ਬੀਜੇਪੀ ਪਹਿਲਾਂ ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਮੁੱਕਰ ਗਈ ਹੈ ਉਹਦੇ ਸੰਬੰਧ ਦੇ ਵਿੱਚ ਉਹਦੀ ਵਿਰੋਧਤਾ ਦੇ ਵਿੱਚ ਮੇਨ ਮੁੱਦਾ ਰੱਖਿਆ ਗਿਆ ਕਿ ਬੀਜੇਪੀ ਨੂੰ ਹਰਾਓ ਕਾਰਪੋਰੇਟ ਭਜਾਓ ਤੇ ਦੇਸ਼ ਨੂੰ ਬਚਾਓ ਦੇ ਮੁੱਦੇ ਤੇ ਇਹ ਰੈਲੀ ਕੀਤੀ ਜਾਣੀ ਹੈ ਇਸ ਦੇ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਮਹਾਂ ਪੰਚਾਇਤ ਕੀਤੀ ਜਾਣੀ ਹੈ।

ਜਗਰਾਉਂ ਦੇ ਵਿੱਚ ਜਿਸ ਦੇ ਵਿੱਚ ਆਹ ਵੋਟਾਂ ਦੇ ਵਿੱਚ ਬੀਜੇਪੀ ਦਾ ਬਾਈਕਾਟ ਕਰਨ ਸਬੰਧੀ ਜਾਂ ਬੀਜੇਪੀ ਨੂੰ ਪਿੰਡਾਂ ਦੇ ਵਿੱਚ ਨਾ ਵੜਨ ਦੇਣ ਸਬੰਧੀ ਵੀ ਇਥੇ ਵਿਚਾਰ ਕੀਤਾ ਜਾਣਾ ਮੇਨ ਮੁੱਦਾ ਇਹ ਰਿਹਾ। ਇਸ ਤੋਂ ਇਲਾਵਾ 6 ਮਈ ਨੂੰ ਜਮਹੂਰੀ ਅਧਿਕਾਰ ਸਭਾ ਵੱਲੋਂ ਵਿਰੋਧ ਕੀਤਾ ਜਾਣਾ ਹੈ ਦੇ ਸਬੰਧ ਦੇ ਵਿੱਚ ਗੁਰਮੀਤ ਸਿੰਘ ਭੱਟੀਵਾਲ ਵੱਲੋਂ ਦੱਸਿਆ ਗਿਆ ਕਿ ਮੋਦੀ ਵੱਲੋਂ ਜੋ ਫਾਸ਼ੀਵਾਦੀ ਨੀਤੀਆਂ ਅਪਣਾਈਆਂ ਜਾਂਦੀਆਂ ਨੇ ਉਹਦੇ ਵਿਰੁੱਧ ਪ੍ਰੋਗਰਾਮ ਬਨਾਸਰ ਬਾਗ ਦੇ ਵਿੱਚ ਰੱਖਿਆ ਗਿਆ ਤੇ ਜਿਸ ਵਿੱਚ ਉਹਨਾਂ ਵੱਲੋਂ ਸਾਡੀ ਜਥੇਬੰਦੀ ਨੂੰ ਸ਼ਮੂਲੀਅਤ ਦੀ ਕਰਨ ਦੀ ਮੰਗ ਕੀਤੀ ਗਈ ਹੈ। ਇੱਕ ਜ਼ਿਲ੍ਹੇ ਆਗੂ ਨੂੰ ਬੁਲਾਰੇ ਦੇ ਤੌਰ ਤੇ ਵੀ ਉਹਨਾਂ ਨੇ ਮੰਗਿਆ ਹੈ ਜਿਸ ਦੇ ਵਿੱਚ ਕੁਲਦੀਪ ਜੋਸ਼ੀ ਦੁੱਗਾਂ ਤੇ ਜਰਨਲ ਸਕੱਤਰ ਸਤਨਾਮ ਮਾਨ ਜਾਣਗੇ ਅਤੇ ਇਸ ਦੀ ਬੀਕੇਯੂ ਡਕੌਂਦਾ ਵੱਲੋਂ ਜੋ ਵਫਦ ਜਾਣਾ ਉਹਦੀ ਅਗਵਾਈ ਕਰਨਗੇ।

# ਸੱਥਾਂ ਤੋਂ ਸੰਸਦ ਤੱਕ ਸੰਗਰੂਰ ਦੀ ਹਰ ਮੰਗ ਉਠਾਵਾਂਗਾ: ਮੀਤ ਹੇਅਰ




ਸੰਗਰੂਰ
ਸਾਂਝੀ ਸੋਚ ਬਿਊਰੋ

ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਉਹ ਸੱਥਾਂ ਤੋਂ ਲੈ ਕੇ ਸੰਸਦ ਤੱਕ ਸੰਗਰੂਰ ਦੀ ਹਰ ਮੰਗ ਉਠਾਵੇਗਾ ਅਤੇ ਸੰਗਰੂਰ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗਾ। ਮੀਤ ਹੇਅਰ ਨੇ ਅੱਜ ਐਮ ਐਲ ਏ ਕੁਲਵੰਤ ਸਿੰਘ ਪੰਡੋਰੀ ਦੇ ਨਾਲ ਮਹਿਲ ਕਲਾਂ ਹਲਕੇ ਦੇ ਪਿੰਡਾਂ ਦਾ ਤੂਫ਼ਾਨੀ ਦੌਰਾ ਕਰਦਿਆਂ ਪਿੰਡਾਂ ਵਿੱਚ ਹੋਏ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਸੰਗਰੂਰ ਵਾਸੀ ਦੀ ਸੰਸਦ ਤੱਕ ਜਾਵੇਗੀ। ਰੋਡ ਸ਼ੋਅ ਦੌਰਾਨ ਪੱਖੋਕੇ, ਚੀਮਾ, ਟੱਲੇਵਾਲ, ਭੋਤਨਾ, ਬੀਹਲਾ ਵਿਖੇ ਚੋਣ ਜਲਸੇ ਹੋਏ। ਇਸ ਤੋਂ ਬਾਅਦ ਚੋਣ ਮੀਟਿੰਗਾਂ ਦਾ ਕਾਫ਼ਲਾ ਅਗਲੇ ਪਿੰਡਾਂ ਵਿੱਚ ਤੁਰਿਆ।

ਮੀਤ ਹੇਅਰ ਨੇ ਕਿਹਾ ਕਿ ਬਰਨਾਲਾ ਉਸ ਦੀ ਕਰਮ ਭੂਮੀ ਹੈ ਤੇ ਮਹਿਲ ਕਲਾਂ ਹਲਕਾ ਜਨਮ ਭੂਮੀ। ਉਸ ਦਾ ਪਿੰਡ ਕੁਰੜ ਮਹਿਲ ਕਲਾਂ ਹਲਕੇ ਵਿੱਚ ਪੈਂਦਾ ਹੈ ਅਤੇ ਬਰਨਾਲਾ ਹਲਕੇ ਨੇ ਦੋ ਵਾਰ ਮੈਨੂੰ ਵਿਧਾਨ ਸਭਾ ਵਿੱਚ ਭੇਜ ਕੇ ਮਾਣ ਬਖ਼ਸ਼ਿਆ। ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਨ ਅਤੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੇ ਹੁਣ ਸੰਗਰੂਰ ਤੋਂ ਟਿਕਟ ਦੇ ਕੇ ਸਮੁੱਚੇ ਪਾਰਲੀਮੈਂਟ ਹਲਕੇ ਨੂੰ ਮੇਰੀ ਕਰਮ ਭੂਮੀ ਬਣਾਇਆ ਹੈ ਅਤੇ ਮੈਂ ਆਪਣੀ ਜਨਮ ਭੂਮੀ ਤੇ ਕਰਮ ਭੂਮੀ ਦਾ ਕਰਜ਼ਾ ਮੋੜਨ ਲਈ ਸਾਰੀ ਉਮਰ ਲੋਕਾਂ ਦੀ ਸੇਵਾ ਕਰਾਂਗਾ।

ਮੀਤ ਹੇਅਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਪੂਰੇ ਸੰਗਰੂਰ ਪਾਰਲੀਮੈਂਟ ਹਲਕੇ ਅਤੇ ਇਸ ਹਲਕੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੇ ਵਸਨੀਕਾਂ ਉਤੇ ਬਹੁਤ ਮਾਣ ਹੈ ਜਿੰਨਾਂ ਦੇਸ਼ ਵਿੱਚ ਬਦਲਵੀਂ ਰਾਜਨੀਤੀ ਦਾ ਰਾਹ ਖੋਲ੍ਹਿਆ ਅਤੇ ਹੁਣ ਭਾਰਤ ਵਿੱਚ ਆਉਣ ਵਾਲੀ ਕੇਂਦਰ ਸਰਕਾਰ ਵਿੱਚ ਆਮ ਆਦਮੀ ਪਾਰਟੀ ਬਹੁਤ ਵੱਡਾ ਰੋਲ ਨਿਭਾਏਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪਿਛਲੇ ਦੋ ਸਾਲ ਵਿੱਚ ਸੂਬੇ ਦੀ ਨੁਹਾਰ ਬਦਲ ਦਿੱਤੀ। ਹੁਣ ਵਾਰੀ ਕੇਂਦਰ ਸਰਕਾਰ ਵਿੱਚ ਭਾਈਵਾਲ ਬਣ ਕੇ ਕੇਂਦਰ ਤੋਂ ਵੱਡੇ ਪ੍ਰਾਜੈਕਟ ਹਾਸਲ ਕਰਨ ਦੀ।

ਐਮ ਐਲ ਏ ਕੁਲਵੰਤ ਸਿੰਘ ਪੰਡੋਰੀ ਨੇ ਮੀਤ ਹੇਅਰ ਨੂੰ ਵਿਸ਼ਵਾਸ ਦਿਵਾਇਆ ਕਿ ਮਹਿਲ ਕਲਾਂ ਹਲਕੇ ਵਿੱਚੋਂ ਆਮ ਆਦਮੀ ਪਾਰਟੀ ਨੂੰ ਸਭ ਤੋਂ ਵੱਡੀ ਲੀਡ ਹਾਸਲ ਹੋਵੇਗੀ।




10 YEARS ANNIVERSARY
APCA
AMERICAN PETROLEUM AND CONVENIENCE STORE ASSOCIATION
10th Annual BUYER'S Trade Show In Fresno
on Wednesday, May 8th, 2024 From 12:30pm to 5:30pm
at Industrial Commerce Building, The Big Fresno Fair, Fresno, CA 93702
Media Partners
Platinum Sponsor
DONAGHY SALES
SM brothers inc.
Indian Kabab Palace
ਹਰਭਜਨ ਮਾਨ
ਜੱਗ ਜਿਉਂਦਿਆ ਦੇ ਮੇਲੇ
Live Performance
Harbhajan Mann
Wednesday, May 8th
From 6:30pm to 9:00pm
Venue: Paul Paul Theater
1121, S Chance Ave, Fresno, CA 93702
APCA members will receive FREE, TWO Concert tickets of $100 value each, per membership paid store. Members must attend the Trade Show at 1:30pm. Members may buy additional tickets at discounted price of $50 at ETIX.com or at Trade Show, on first come first serve basis. Fresno area Retailers visit SM Bros at 186 S West Ave, Fresno to become APCA member and get 2 Free Tickets.
VVIP & VIP TICKES CONTACT
JASBIR SARAI 209-675-0866
ANDY CHHIKARA 559-259-4006
BALWINDER SINGH 559-718-9339
Media Partners
PUNJAB MAIL USA TV Channel
SPICE RADIO FM 94.3
ਸਾਂਝੀ ਸੋਚ
ਪੰਜਾਬ Today
Punjabi RADIO USA
jus TV
PTC PUNJABI
MaxxPrinting

# ARCPOINT LABS
## OF MANTECA

Accurate, Reliable, Confidential Testing.

**ਸਾਡੀਆਂ ਸੇਵਾਵਾਂ :**

**DOT ਦੇ Drug ਤੇ Alcohal Testing**
**Pre- Employment Testing | Physicals**
**Hair & Nail Testing |Immigration DNA**
**Paternity & Relationship DNA**

**Health Checkups ਜਿਵੇਂ :**



Cholestrol Test



Heart Health



Thyroid Test



Diabetes Test



Food Allergy




Vitamin & Nutrient Test

**ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ**




**ਵਧੇਰੇ ਜਾਣਕਾਰੀ ਲਈ ਕਾਲ ਕਰੋ :**
**(209) 629-8282 | (209) 505-6384**

**Address : 119. Maple AVe, Suite A Manteca, CA 95336**


VOTE
&
SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ਼੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ਼੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ਼੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
SATBIR SINGH HEER


SAI JEWELERS
Making Every
Occassion Beautiful
30 ਸਾਲ ਤੋਂ ਵੱਧ ਦਾ ਤਜ਼ਰਬਾ | 3 ਪੀੜ੍ਹੀਆਂ ਤੋਂ ਕਰ ਰਹੇ ਗਹਿਣਿਆਂ ਦਾ ਕੰਮ
ਹਰ ਤਰ੍ਹਾਂ ਦੇ ਸੋਨੇ ਤੇ ਚਾਂਦੀ ਦੇ ਮਨਪਸੰਦ ਗਹਿਣੇ ਖ਼ਰੀਦੋ
ਗਹਿਣੇ ਪਾਲਿਸ਼ ਜਾਂ Repair ਕਰਵਾਓ
Exchange & Trade of
Jewellery Available
ਸਾਡੇ ਕੋਲ Gold ਤੇ Silver ਦੇ ਸਿੱਕੇ ਵੀ ਮਿਲਦੇ ਹਨ
Diamond Jewellery ਵਿਚ ਵੀ ਕਰਦੇ ਹਾਂ DEAL
ਤੁਸੀਂ ਸਾਡੇ ਕੋਲੋਂ ਗਹਿਣੇ Exchange ਵੀ ਕਰਵਾ ਸਕਦੇ ਹੋ
(ਅਸੀਂ ਪੁਰਾਣੇ ਗਹਿਣੇ ਲੈਕੇ ਨਵੇਂ ਗਹਿਣੇ ਦਿੰਦੇ ਹਾਂ )
Open : Tuesday -Sunday | 11:00 AM- 6:00 PM
Monday Available -By Call -ON APPPOINTMENTS
Visit our Store to Explore New Designs
ਵਧੇਰੇ ਜਾਣਕਾਰੀ ਲਈ ਕਾਲ ਕਰੋ :
ਧਰਮ ਚੌਹਾਨ -(209) 678-6600 | ਸਟੋਰ ਨੰਬਰ -(209) 408-8553
ADDRESS : 2900, Standiford Ave Ste, 16 B Modesto CA 95350

# ਗੁਰੂ ਤੇਗ ਬਹਾਦਰ ਆਸਰਾ ਟਰੱਸਟ ਖਿਲਚੀਆਂ ਨੇ ਰਾਸ਼ਨ ਕਿੱਟਾਂ ਵੰਡੀਆਂ

ਰਈਆ
ਕਾਰਤਿਕ ਰਿਖੀ



ਅੱਜ ਇੱਥੇ ਗੁਰੂ ਤੇਗ ਬਹਾਦਰ ਆਸਰਾ ਟਰੱਸਟ ਖਿਲਚੀਆਂ ਵਲੋਂ ਲਾਇਨ ਕਲੱਬ ਰਈਆ ਬਿਆਸ ਨਾਈਟਸ ਦੇ ਡਾਇਰੈਕਟਰ ਅਤੇ ਟਰੱਸਟ ਦੇ ਚੇਅਰਮੈਨ ਸਵਰਨਜੀਤ ਸਿੰਘ ਸੰਧੂ ਦੀ ਅਗਵਾਈ ਹੇਠ, ਵਿਧਵਾ, ਅੰਗਹੀਣ ਅਤੇ ਬੇਆਸਰਾ ਬਜ਼ੁਰਗਾਂ ਨੂੰ ਰਾਸ਼ਨ ਦੀਆਂ ਕਿੱਟਾਂ ਵੰਡਿਆਂ ਗਈਆਂ । ਇਸ ਮੌਕੇ ਉੱਘੇ ਲੇਖਕ, ਪੱਤਰਕਾਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ ਅਤੇ ਜਸਬੀਰ ਸਿੰਘ ਥਾਣਾ ਮੁਖੀ ਬਿਆਸ ਨੇ ਵਿਸ਼ੇਸ਼ ਤੌਰ ਤੇ ਪੁੱਜ ਕੇ ਲੋੜਵੰਦਾਂ ਨੂੰ ਕਿੱਟਾਂ ਵੰਡਣ ਦੀ ਰਸਮ ਅਦਾ ਕੀਤੀ, ਉਨ੍ਹਾਂ ਟਰੱਸਟ ਦੇ ਉੱਦਮ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਅੱਜ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਕਰਮ ਹੈ ।ਇਸ ਮੌਕੇ ਡਾ: ਬਿਕਰਮਜੀਤ ਸਿੰਘ ਬਾਠ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਡਾ: ਰਾਜ ਕੁਮਰਾ ਸ਼ਰਮਾ, ਡਾ: ਬਿੱਲਾ, ਹਰਪਾਲ ਸਿੰਘ, ਜੈਦੀਪ ਸ਼ਰਮਾ, ਸਵਾਬੀਰ ਸਿੰਘ ਮਨਜੀਤ ਸਿੰਘ ਮੀਤਾ, ਬਿੰਦ ਫੌਜੀ ਅਤੇ ਹੋਰ ਹਾਜ਼ਰ ਸਨ ।

# ਗੁਰਦੁਆਰਾ 'ਪ੍ਰਭੁ ਮਿਲਣੈ ਕਾ ਚਾਉ' ਬ੍ਰਹਮ ਗਿਆਨ ਕੇਂਦਰ ਮੋਗਾ ਵੱਲੋਂ ਮਹਾਨ ਗੁਰਮਤਿ ਸਮਾਗਮ





ਰਈਆ
ਕਾਰਤਿਕ ਰਿਖੀ

ਬਾਬਾ ਬਕਾਲਾ ਸਾਹਿਬ ਵਿਖੇ ਗੁਰਦੁਆਰਾ 'ਪ੍ਰਭੁ ਮਿਲਣੈ ਕਾ ਚਾਉ' ਬ੍ਰਹਮ ਗਿਆਨ ਕੇਂਦਰ ਮੋਗਾ ਵੱਲੋਂ ਸਰਬੱਤ ਦੇ ਭਲੇ ਲਈ ਸ਼੍ਰੋਮਣੀ ਕਮੇਟੀ ਅਤੇ ਸੇਵਾ ਸਿਮਰਨ ਸੁਸਾਇਟੀ ਬਾਬਾ ਬਕਾਲਾ ਸਾਹਿਬ ਦੇ ਸਹਿਯੋਗ ਨਾਲ ਬੀਤੀ ਸ਼ਾਮ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਰਹਿਰਾਸੁ ਸਾਹਿਬ ਦਾ ਜਾਪ ਉਪਰੰਤ ਭਾਈ ਦਲਬੀਰ ਸਿੰਘ ਤਰਮਾਲਾ ਨੇ ਅਕੱਥ ਕਥਾ ਰਾਹੀਂ ਪ੍ਰਮਾਤਮਾ ਦੇ ਮਿਲਾਪ ਦਾ ਰਸਤਾ ਸਰਲ ਅਰਥਾਂ 'ਚ ਦੱਸਿਆ। ਉਪਰੰਤ ਢਾਡੀ ਨਿਰਮਲ ਸਿੰਘ, ਬੀਬੀ ਕੰਵਲਜੀਤ ਕੌਰ ਢਾਡੀ ਜਥਿਆਂ ਨੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਿਮਰਨ ਅਭਿਆਸ, ਕੀਰਤਨ, ਕਵੀਸ਼ਰੀ, ਢਾਡੀ ਵਾਰਾਂ, ਅਕੱਥ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਿਖਿਆਰਥੀ "ਗੁਰਦੁਆਰਾ ਪ੍ਰਭੁ ਮਿਲਣੈ ਕਾ ਚਾਉ" ਭਾਈ ਹੀਰਾ ਸਿੰਘ ਖਾਲਸਾ, ਭਾਈ ਬਲਕਾਰ ਸਿੰਘ, ਬਾਈ ਸਰਬਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਲਖਬੀਰ ਸਿੰਘ, ਭਾਈ ਨਿਰਵੈਰ ਸਿੰਘ, ਭਾਈ ਕੁਲਬੀਰ ਸਿੰਘ, ਭਾਈ ਜਰਨੈਲ ਸਿੰਘ, ਖਾਲਸਾ ਨਿਰਵੈਰ ਸਿੰਘ, ਭਾਈ ਬਲਦੇਵ ਸਿੰਘ ਧਾਲੀਵਾਲ, ਭਾਈ ਹਰਪ੍ਰੀਤ ਸਿੰਘ ਪੱਲ੍ਹਾ ਅਤੇ ਭਾਰੀ ਗਿਣਤੀ 'ਚ ਸੰਗਤਾਂ ਮੌਜੂਦ ਸਨ ।

# ਪਰਵਾਸੀ ਭਾਈਚਾਰੇ ਦੇ ਕੈਮੀਕਲ ਮਾਹਿਰ ਡਾਕਟਰ ਬੀ.ਕੇ ਯਾਦਵ ਅਤੇ ਪ੍ਰਿਥਵੀ ਪਾਲ ਨੇ ਬੀਜੇਪੀ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਸਮਰਥਨ ਦਿੱਤਾ



ਅੰਮ੍ਰਿਤਸਰ
ਰਵੀ ਕੁਮਾਰ

ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੀ ਚੋਣ ਮੁਹਿੰਮ ਨੂੰ ਪ੍ਰਵਾਸੀ ਭਾਈਚਾਰੇ ਵੱਲੋਂ ਦਿਨੋਂ ਦਿਨ ਪੂਰਾ ਸਮਰਥਨ ਮਿਲ ਰਿਹਾ ਹੈ। ਅੱਜ ਪਰਵਾਸੀ ਭਾਈਚਾਰੇ ਵਿਚ ਬਹੁਤ ਅਸਰ ਰਸੂਖ਼ ਰਖਣਵਾਲੇ ਅਤੇ ਕੈਮੀਕਲ ਮਾਹਿਰ ਡਾਕਟਰ ਬੀ ਕੇ ਯਾਦਵ ਅਤੇ ਪ੍ਰਿਥਵੀ ਪਾਲ ਨੇ ਬੀਜੇਪੀ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਸਪੋਰਟ ਕਰਨ ਦਾ ਫ਼ੈਸਲਾ ਲਿਆ । ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਡਾਕਟਰ ਬੀ ਕੇ ਯਾਦਵ ਅਤੇ ਪ੍ਰਿਥਵੀ ਪਾਲ ਅਤੇ ਉਹਨਾਂ ਦਾ ਸਨਮਾਨ ਕੀਤਾ ਹੈ।ਇਸ ਵੇਲੇ ਉਹਨਾਂ ਨਾਲ ਸੁਖਦੇਵ ਸਿੰਘ ਹਨੇਰੀਆਂ ਮੰਡਲ ਪ੍ਰਧਾਨ ਅਤੇ ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਸੁਖ ਜੀਵਨ ਸਿੰਘ ਡਾਕਟਰ ਜੋਨੀ ਵੀ ਮੌਜੂਦ ਸਨ ।

# ਜ਼ਿਲ੍ਹਾ ਸੰਗਰੂਰ ਦੇ ਵੱਖ-ਵੱਖ ਵਿਧਾਨ ਸਭਾ ਸੈਗਮੈਂਟਾਂ ਵਿੱਚ ਚੋਣ ਅਮਲੇ ਦੀ ਪਹਿਲੀ ਰਿਹਰਸਲ ਹੋਈ



ਸੰਗਰੂਰ
ਸਾਂਝੀ ਸੋਚ ਬਿਊਰੋ

ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕ ਸਭਾ ਹਲਕਾ 12-ਸੰਗਰੂਰ ਅਧੀਨ ਆਉਂਦੇ ਜ਼ਿਲ੍ਹਾ ਸੰਗਰੂਰ ਦੇ ਪੰਜ ਵਿਧਾਨ ਸਭਾ ਸੈਗਮੈਂਟਾਂ ਵਿੱਚ ਚੋਣ ਅਮਲੇ ਦੀ ਪਹਿਲੀ ਰਿਹਰਸਲ ਅੱਜ ਸਹਾਇਕ ਰਿਟਰਨਿੰਗ ਅਧਿਕਾਰੀਆਂ ਦੀ ਨਿਗਰਾਨੀ ਹੇਠ ਕਰਵਾਈ ਗਈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਮੂਹ ਸਹਾਇਕ ਰਿਟਰਨਿੰਗ ਅਧਿਕਾਰੀਆਂ ਨੇ ਸਬੰਧਤ ਚੋਣ ਅਮਲੇ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਆਪਸੀ ਤਾਲਮੇਲ ਨਾਲ ਨਿਭਾਉਣ ਦੀ ਹਦਾਇਤ ਕੀਤੀ। ਪਹਿਲੀ ਰਿਹਰਸਲ ਦੌਰਾਨ 1426 ਪ੍ਰੀਜਾਈਡਿੰਗ ਅਧਿਕਾਰੀਆਂ, 1426 ਸਹਾਇਕ ਪ੍ਰੀਜਾਈਡਿੰਗ ਅਧਿਕਾਰੀਆਂ ਅਤੇ 3304 ਪੋਲਿੰਗ ਅਫਸਰਾਂ ਨੇ ਹਿੱਸਾ ਲਿਆ। ਰਿਹਰਸਲ ਦੌਰਾਨ ਮਾਸਟਰ ਟਰੇਨਰਾਂ ਵੱਲੋਂ ਚੋਣ ਅਮਲੇ ਨਾਲ ਸਬੰਧਤ ਪ੍ਰੀਜਾਈਡਿੰਗ ਅਧਿਕਾਰੀਆਂ, ਸਹਾਇਕ ਪ੍ਰੀਜਾਈਡਿੰਗ ਅਧਿਕਾਰੀਆਂ ਤੇ ਪੋਲਿੰਗ ਅਫ਼ਸਰਾਂ ਨੂੰ ਵੋਟਿੰਗ ਪ੍ਰਕਿਰਿਆ ਦੀਆਂ ਬਾਰੀਕੀਆਂ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਪੋਸਟਲ ਬੈਲੇਟ ਅਤੇ ਈ.ਡੀ.ਸੀ ਬਾਰੇ ਵੀ ਵਿਸਥਾਰ ਵਿੱਚ ਜਾਣੂ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਚੋਣ ਡਿਊਟੀ 'ਤੇ ਸੇਵਾਵਾਂ ਨਿਭਾਅ ਰਹੇ ਅਮਲੇ ਦਾ ਮਤਦਾਨ ਪੋਸਟਲ ਬੈਲੇਟ ਅਤੇ ਈ.ਡੀ.ਸੀ ਰਾਹੀਂ ਕਰਵਾਉਣ ਲਈ ਇਸ ਵਾਰ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕ ਸਭਾ ਚੋਣਾਂ ਦਾ ਸਮੁੱਚਾ ਅਮਲ ਸ਼ਾਂਤੀਪੂਰਵਕ, ਸੁਰੱਖਿਅਤ ਤੇ ਪਾਰਦਰਸ਼ੀ ਢੰਗ ਨਾਲ ਮੁਕੰਮਲ ਕਰਨ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਦੀ ਹਦਾਇਤ ਕੀਤੀ ਗਈ ਹੈ ਅਤੇ ਨਾਲ ਹੀ ਵੋਟਰਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਬਿਨਾਂ ਕਿਸੇ ਡਰ, ਦਬਾਅ ਜਾਂ ਲਾਲਚ ਤੋਂ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ।ਅੱਜ ਹੋਈ ਪਹਿਲੀ ਰਿਹਰਸਲ ਦੌਰਾਨ ਸਹਾਇਕ ਰਿਟਰਨਿੰਗ ਅਫਸਰ 99-ਲਹਿਰਾ ਸੂਬਾ ਸਿੰਘ, ਸਹਾਇਕ ਰਿਟਰਨਿੰਗ ਅਫ਼ਸਰ 100-ਦਿੜ੍ਹਬਾ ਰਾਜੇਸ਼ ਸ਼ਰਮਾ, ਸਹਾਇਕ ਰਿਟਰਨਿੰਗ ਅਫ਼ਸਰ 101-ਸੁਨਾਮ ਪਰਮੋਦ ਸਿੰਗਲਾ, ਸਹਾਇਕ ਰਿਟਰਨਿੰਗ ਅਫ਼ਸਰ 107-ਧੂਰੀ ਅਮਿਤ ਗੁਪਤਾ, ਸਹਾਇਕ ਰਿਟਰਨਿੰਗ ਅਫ਼ਸਰ 108-ਸੰਗਰੂਰ ਚਰਨਜੋਤ ਸਿੰਘ ਵਾਲੀਆ ਨੇ ਜਾਇਜ਼ਾ ਲਿਆ ਅਤੇ ਸਬੰਧਤ ਅਮਲੇ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਲਗਨ ਇਮਾਨਦਾਰੀ ਅਤੇ ਉਤਸ਼ਾਹ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।



# Now Open New Banquet Hall in Sacramento

**For more info: Contact Paul : (916)334-6000**




# SONNY DHALIWAL

## for SUPERVISOR

**EXPERIENCED LEADERSHIP YOU CAN TRUST**

Paid for by Sonny Dhaliwal for County Supervisor 2024 FPPC#1459023


ਸੰਤ ਜਰਨੈਲ ਸਿੰਘ ਭਿੰਡਰਾਂਵਾਲੇ
ਜਨਰਲ ਸੁਬੇਗ ਸਿੰਘ
ਭਾਈ ਅਮਰੀਕ ਸਿੰਘ
ਸ਼ਹੀਦ ਭਾਈ ਦੀਪ ਸਿੱਧੂ
VOTE
&
SUPPORT
ਹਲਕਾ
ਸੰਗਰੂਰ
ਹਲਕਾ
ਖਡੂਰ ਸਾਹਿਬ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਸਿਮਰਨਜੀਤ ਸਿੰਘ ਮਾਨ
ਭਾਈ ਅੰਮ੍ਰਿਤਪਾਲ ਸਿੰਘ
ਜਾਰੀ ਕਰਤਾ
JB TYRES INC
24/7 MOBILE REPAIR
TRUCK AND TRAILER
• NEW / USED TYRES • BRAKES • HUBS SEAL • OIL CHANGE
TEL: 337- 513- 3544 1651 FAIRVIEW DR. CERES. CA 95307
MAHABIR SINGH
JOBANPREET SINGH


AAA
TRUCK WASH
ਕੈਲੀਫੋਰਨੀਆ ਦੀ ਕਿਸੇ ਵੀ ਲੋਕੇਸ਼ਨ ਤੇ ਜਾਓ
ਟਰੱਕ ਅਤੇ ਟ੍ਰੇਲਰ ਚਮਕਾਓ ਸਸਤੇ ਅਤੇ ਵਾਜਬ ਰੇਟਾਂ ਉੱਤੇ
Our Locations :-
Delhi | Merced | Madera | Santa Nella
Tracy | San Fransisco | Corning
Old Truck Stop Gemco Ripon Next to Flying J, Santos Ave ਦੇ ਉੱਤੇ
Find nearest Location & Hours
Call at 1800-405-9274 or visit our website for
credit application to open credit account with our company
ਸਾਡੀਆਂ ਰਿਪਨ ਵਾਲੀਆਂ ਲੋਕੇਸ਼ਨਾਂ ਤੇ ਅਸੀਂ ਟੈਂਕਰ ਜੋ ਕੇ food Grade ਹਨ
ਉਹਨਾਂ ਨੂੰ ਅੰਦਰੋਂ ਧੋਂਦੇ ਹਾਂ ਅਤੇ Certified ਕਰਦੇ ਅਤੇ ਕੋਸ਼ਰ ਵਾਸ਼ ਵੀ ਕਰਦੇ ਹਾਂ
Tire Shop, Repair Shop, Oil & Lube Shop available on our locations
Website:- www.aaatruckwash.com


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# 4 ਜੂਨ ਤੋਂ ਬਾਅਦ ਅੱਥਰੂ ਸਾਡੇ ਨਹੀਂ, ਨਸ਼ੇ ਦੇ ਧੰਦੇਬਾਜਾਂ ਅਤੇ ਸਾਥ ਦੇਣ ਵਾਲਿਆਂ ਦੇ ਨਿਕਲਣਗੇ -ਤਰਨਜੀਤ ਸੰਧੂ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਦਿਹਾਤੀ ਖੇਤਰ ਨਾਲ ਸੰਬੰਧਿਤ ਗ਼ਰੀਬ ਪਰਿਵਾਰਾਂ ਦੀਆਂ ਔਰਤਾਂ ਦੀ ਇਕ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਪੂਰੀ ਦ੍ਰਿੜ੍ਹਤਾ ਅਤੇ ਗੰਭੀਰਤਾ ਨਾਲ ਕਿਹਾ ਕਿ 4 ਜੂਨ ਤੋਂ ਬਾਅਦ ਅੱਥਰੂ ਸਾਡੇ ਨਹੀਂ ਉਨ੍ਹਾਂ ਸਮਾਜ ਵਿਰੋਧੀ ਨਸ਼ੇ ਦੇ ਸੌਦਾਗਰਾਂ ਅਤੇ ਉਨ੍ਹਾਂ ਦਾ ਸਾਥ ਦੇਣ ਵਾਲਿਆਂ ਦੇ ਨਿਕਲਣਗੇ।

ਇਸ ਦਾ ਪ੍ਰਗਟਾਵਾ ਸੰਧੂ ਸਮੁੰਦਰੀ ਨੇ ਉਸ ਵਕਤ ਕੀਤਾ ਜਦੋਂ ਪੇਂਡੂ ਔਰਤਾਂ ਵੱਲੋਂ ਨਸ਼ੇ ਨੂੰ ਲੈ ਕੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਬਾਰੇ ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਅੱਜ ਘਰਾਂ ਦੇ ਘਰ ਨਸ਼ਿਆਂ ਕਾਰਨ ਬਰਬਾਦ ਹੋ ਰਹੇ ਹਨ।ਨਸ਼ੇੜੀ ਮਰਦ ਅਤੇ ਬਚਿਆਂ ਨੂੰ ਦੇਖ ਕੇ ਬੜਾ ਦੁਖ ਹੁੰਦਾ ਹੈ। ਇਸ ਮੌਕੇ ਸੰਧੂ ਸਮੁੰਦਰੀ ਨੇ ਕਿਹਾ ਕਿ ਸਨਮਾਨ ਤੁਹਾਡਾ ਹੱਕ ਹੈ। ਹਰੇਕ ਦੀ ਜ਼ਿੰਦਗੀ 'ਚ ਮਾਂਵਾਂ ਦੀ ਵੱਡੀ ਭੂਮਿਕਾ ਹੁੰਦੀ ਹੈ। ਮੇਰੀ ਮਾਂ ਵੀ ਦਿਹਾਤੀ ਤੋਂ ਆਉਂਦੀ ਸੀ। ਅਮਰੀਕਾ ਤੋਂ ਪੜ੍ਹ ਕੇ ਅੰਮ੍ਰਿਤਸਰ 'ਚ ਸੇਵਾ ਕੀਤੀ। ਉਸ ਨੇ ਹੀ ਮੈਨੂੰ ਪੜਾਇਆ ਅਤੇ ਮੈਂ ਦੇਸ਼ ਤੇ ਸਮਾਜ ਲਈ ਕੁਝ ਕਰ ਸਕਿਆ। ਉਨ੍ਹਾਂ ਔਰਤਾਂ ਨੂੰ ਆਪਣੇ ਬਚਿਆਂ ਨੂੰ ਚੰਗੀ ਸਿੱਖਿਆ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਅਮਰੀਕੀ ਭਾਰਤੀ ਪ੍ਰਵਾਸੀਆਂ ਨੇ 830 ਕਰੋੜ ਦਾ ਪ੍ਰਬੰਧ ਕੀਤਾ ਹੈ, ਜਿਸ ਨਾਲ ਸਾਡੇ ਨੌਜਵਾਨਾਂ ਨੂੰ ਅਤੇ ਔਰਤਾਂ ਨੂੰ ਸਵੈ ਰੁਜ਼ਗਾਰ ਦੇਣ ਵਿਚ ਮਦਦ ਮਿਲੇਗੀ। ਤੁਸੀਂ ਸੁਸਾਇਟੀ ਬਣਾਓ, ਘਰੇਲੂ ਵਸਤਾਂ, ਪਾਪੜ ਵੜੀਆਂ, ਤੇ ਹੋਰ ਸਮਾਨ ਤਿਆਰ ਕਰੋ, ਲਾਗਤ ਦਾ ਪ੍ਰਬੰਧ ਅਸੀਂ ਕਰਾਂਗੇ। ਆਮਦਨੀ ਤੁਹਾਡੀ ਵਧੇਗੀ। ਇਸ ਤੋਂ ਇਲਾਵਾ ਕੇਂਦਰੀ ਸਕੀਮਾਂ ਅਤੇ ਪੈਸਾ ਤੁਹਾਡੇ ਕੋਲ ਸਿਧਾ ਪਹੁੰਚਾਇਆ ਜਾਵੇਗਾ। ਨੀਲੇ ਕਾਰਡ ਹੋਣ ਜਾਂ ਬੀਮਾ ਯੋਜਨਾ ਕਿਸੇ ਤਰਾਂ ਦੀ ਮੁਸ਼ਕਲ ਨਹੀਂ ਆਉਣ ਦਿਆਂਗਾ। ਮੇਰੇ ਦਰਵਾਜ਼ੇ ਤੁਹਾਡੇ ਲਈ ਹਮੇਸ਼ਾਂ ਖੁੱਲ੍ਹੇ ਹਨ। ਤੁਹਾਡੇ ਅਧਿਕਾਰ ਹਨ, ਕਿਸੇ ਨੂੰ ਫ਼ਿਕਰ ਕਰਨ ਦੀ ਲੋੜ ਨਹੀਂ। ਮੈ ਤੁਹਾਡੇ ਨਾਲ ਖੜ੍ਹਾ ਹਾਂ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ ਚੋਣਾਂ ਤੋਂ ਬਾਅਦ ਸਰਗਰਮ ਹੋਣਗੀਆਂ। ਜੋ ਠੇਕੇਦਾਰ ਬਣੇ ਫਿਰਦੇ ਹਨ ਸਭ ਨੂੰ ਕਾਨੂੰਨ ਅਨੁਸਾਰ ਅੰਦਰ ਕੀਤੇ ਜਾਣਗੇ।

ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਅੱਗੇ ਕਿਹਾ ਕਿ ਭਾਵੇਂ ਕਿ ਅੰਮ੍ਰਿਤਸਰ ਅਤੇ ਸਰਹੱਦੀ ਖੇਤਰ ਦਾ ਵਿਕਾਸ ਮੇਰੇ ਲਈ ਪ੍ਰਮੁੱਖ ਚੋਣ ਏਜੰਡਾ ਹੈ। ਪਰ ਨਸ਼ਿਆਂ ਦੀ ਕੋਹੜ ਨੂੰ ਜੜ੍ਹੋਂ ਖ਼ਤਮ ਕਰਨ ਦਾ ਟੀਚਾ ਵੀ ਮਿੱਥ ਚੁੱਕਿਆ ਹਾਂ। ਜ਼ੀਰੋ ਟਾਲਰੈਸ ਅਪਣਾਉਂਦਿਆਂ ਨਸ਼ਿਆਂ ਵਿਰੁੱਧ ਵਿਆਪਕ ਜੰਗ ਕਰਾਂਗਾ। ਅੰਮ੍ਰਿਤਸਰ ਨੂੰ ਨਸ਼ਾ ਮੁਕਤ ਬਣਾਉਣ ਲਈ ਮਿਲ ਕੇ ਕੰਮ ਕਰਾਂਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਲੱਗੀ ਨਸ਼ਿਆਂ ਦੀ ਲਤ ਛਡਵਾਉਣ ਲਈ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਦੇ ਨਾਲ ਅਸਰਦਾਇਕ ਵਿਦੇਸ਼ੀ ਦਵਾਈਆਂ ਦੀ ਵਰਤੋਂ ਕੀਤੀ ਜਾਵੇਗੀ। ਨਸ਼ਿਆਂ ਦੇ ਪ੍ਰਭਾਵ ਤੋਂ ਨੌਜਵਾਨਾਂ ਨੂੰ ਮੁਕਤ ਕਰਦਿਆਂ ਉਨ੍ਹਾਂ ਨੂੰ ਸਮਾਜ 'ਚ ਸਨਮਾਨਜਨਕ ਜੀਵਨ ਪ੍ਰਦਾਨ ਕਰਨ ਲਈ ਚੰਗੀ ਪੜਾਈ, ਚੰਗੀਆਂ ਨੌਕਰੀਆਂ ਅਤੇ ਰੁਜ਼ਗਾਰ ਮੁਹੱਈਆ ਕਰਾਉਣ ਦਾ ਵੀ ਵਾਅਦਾ ਕੀਤਾ ਹੈ। ਉੱਥੇ ਹੀ ਨਸ਼ੇ ਦੇ ਧੰਦੇ 'ਚ ਲੱਗੇ ਅਨਸਰਾਂ ਖਿਲਾਫ ਸਖ਼ਤ ਕਾਰਵਾਈ ਨੂੰ ਅੰਜਾਮ ਦੇਣ ਦਾ ਵੀ ਭਰੋਸਾ ਦਿੱਤਾ।

ਸੰਧੂ ਸਮੁੰਦਰੀ ਨੇ ਕਿਹਾ ਕਿ ਬਹੁਤ ਸਾਰੇ ਅਜਿਹੇ ਤਰੀਕੇ ਹਨ ਜਿਨ੍ਹਾਂ ਨਾਲ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾ ਸਕਦੇ ਹਾਂ। ਜਿਹੜੀਆਂ ਦਵਾਈਆਂ ਉਨ੍ਹਾਂ ਨੂੰ ਇਸ ਵੇਲੇ ਦਿੱਤੀਆਂ ਜਾਂਦੀਆਂ ਹਨ, ਉਹ ਬਲੈਕ ਵਿੱਚ ਵਿਕਦੀਆਂ ਹਨ । ਜੋ ਦਵਾਈਆਂ ਉਹ ਲੈਂਦੇ ਹਨ, ਉਨ੍ਹਾਂ ਨਾਲ ਉਨ੍ਹਾਂ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੁੰਦਾ, ਸਗੋਂ ਵਿਗੜ ਜਾਂਦਾ ਹੈ। ਉਨ੍ਹਾਂ ਇਸ ਮਾਮਲੇ 'ਚ ਬਾਹਰਲੇ ਦੇਸ਼ਾਂ ਵੱਲੋਂ ਵਰਤਮਾਨ ਵਿੱਚ ਵਰਤੀਆਂ ਜਾ ਰਹੀਆਂ ਦਵਾਈਆਂ ਵਲ ਧਿਆਨ ਦਿਵਾਇਆ। ਅਮਰੀਕਾ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਉੱਥੇ ਜਿਹੜਾ ਸਭ ਤੋਂ ਵਧੀਆ ਡਾਕਟਰ ਰਾਹੁਲ ਗੁਪਤਾ ਹੈ ਉਹ ਸਾਡੇ ਪੰਜਾਬ ਤੋਂ ਹਨ ਅਤੇ ਉਹ ਇਸ ਮਾਮਲੇ 'ਚ ਡਟ ਕੇ ਸਾਡੀ ਮਦਦ ਲਈ ਤਿਆਰ ਹਨ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਇਲਾਜ ਲਈ ਅਮਰੀਕਾ 'ਚ ਦੋ ਤਰਾਂ ਦੀਆਂ ਦਵਾਈਆਂ ਹਨ, ਇੱਕ ਨੱਕ ਵਿੱਚ ਪਾਈ ਜਾਂਦੀ ਹੈ ਅਤੇ ਦੂਜੀ ਦਵਾਈ ਦਾ ਟੀਕਾ ਲਗਾਇਆ ਜਾਂਦਾ ਹੈ। ਉਨ੍ਹਾਂ ਕਿਹਾ ਮੈਂ ਦੋਵੇਂ ਦਵਾਈਆਂ ਅੰਮ੍ਰਿਤਸਰ ਲਿਆਵਾਂਗਾ ਅਤੇ ਮੁਫ਼ਤ ਵੰਡਾਂਗਾ। ਉਨ੍ਹਾਂ ਕਿਹਾ, ਮੈਂ ਅੰਮ੍ਰਿਤਸਰ ਦੇ ਲੋਕਾਂ ਨਾਲ ਵਾਅਦਾ ਕਰਦਾ ਹਾਂ ਕਿ ਭਾਰਤ ਸਰਕਾਰ ਅਤੇ ਏਜੰਸੀਆਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਇਸ ਦੀ ਜੜ੍ਹ ਤੱਕ ਜਾਣਗੀਆਂ । ਜੋ ਕੋਈ ਵੀ ਨਸ਼ੇ ਦੇ ਕਾਰੋਬਾਰ ਕਰਨ ਵਾਲਿਆਂ ਨਾਲ ਜੁੜਿਆ ਹੈ ਜਾਂ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਕਰ ਰਹੇ ਹਨ, ਉਨ੍ਹਾਂ ਲੋਕਾਂ ਨੂੰ ਫੜ ਕੇ ਅੰਦਰ ਦਿਆਂਗੇ। ਉਨ੍ਹਾਂ ਕਿਹਾ ਕਿ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਲੋਕ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਬਰਬਾਦ ਕਰ ਰਹੇ ਹਨ, ਸਾਡੀਆਂ ਭੈਣਾਂ ਅਤੇ ਮਾਵਾਂ ਨੂੰ ਇਸ ਨੂੰ ਲੈ ਕੇ ਘਰ ਵਿੱਚ ਬਹੁਤ ਪ੍ਰੇਸ਼ਾਨੀ ਹੋ ਰਹੀ ਹੈ। ਸੰਧੂ ਸਮੁੰਦਰੀ ਨੇ ਕਿਹਾ ਕਿ ਤਕਨਾਲੋਜੀ ਦੀ ਵਰਤੋਂ ਨਾਲ ਸਰਹੱਦ 'ਤੇ ਡਰੋਨ ਰਾਹੀਂ ਹੋ ਨਸ਼ਿਆਂ ਦੀ ਤਸਕਰੀ ਨੂੰ ਰੋਕਿਆ ਜਾਵੇਗਾ। ਉਨ੍ਹਾਂ ਅਫ਼ਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਜਿੰਨੀਆਂ ਵੀ ਸਰਕਾਰਾਂ ਆਈਆਂ, ਉਨ੍ਹਾਂ ਨੇ ਝੂਠੇ ਵਾਅਦੇ ਕੀਤੇ, ਸਾਡੀਆਂ ਪ੍ਰੇਸ਼ਾਨੀਆਂ ਘਟੀਆਂ ਨਹੀਂ। ਉਨ੍ਹਾਂ ਭਾਵਕ ਹੁੰਦਿਆਂ ਕਿਹਾ ਕਿ ਮੈਨੂੰ ਬਹੁਤ ਦੁਖ ਹੁੰਦਾ ਜਦੋਂ ਮੈ ਆਪਣੀਆਂ ਮਾਂਵਾਂ-ਭੈਣਾਂ ਨੂੰ ਮਿਲਦਾ ਹਾਂ, ਉਹ ਦੱਸਦੀਆਂ ਹਨ ਕਿ ਉਨ੍ਹਾਂ ਦੇ ਛੋਟੇ ਛੋਟੇ ਬੱਚੇ ਹਨ ਅਤੇ ਉਨ੍ਹਾਂ ਦੇ ਪਤੀ ਨਸ਼ਿਆਂ ਕਾਰਨ ਮੌਤ ਹੋ ਚੁੱਕੀ ਹੈ। ਉਹ ਆਪਣੇ ਬਚਿਆਂ ਲਈ ਵੀ ਚਿੰਤਤ ਹਨ। ਕਈ ਮਾਪੇ ਤਾਂ ਇਸ ਕਰਕੇ ਆਪਣੇ ਬਚਿਆਂ ਨੂੰ ਆਪਣੇ ਤੋਂ ਦੂਰ ਵਿਦੇਸ਼ ਭੇਜ ਰਹੇ ਹਨ ਤਾਂ ਕਿ ਉਹਨਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ। ਇਸ ਲਈ ਮੈਂ ਨਸ਼ਿਆਂ ਵਿਰੁੱਧ ਜੰਗ ਦਾ ਐਲਾਨ ਕਰਦਾ ਹਾਂ।

ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਸਭ ਤੋਂ ਪਹਿਲਾਂ ਅਸੀਂ ਸਰਹੱਦ ਤੋਂ ਹੋ ਰਹੀ ਤਸਕਰੀ ਨੂੰ ਕਈ ਤਰੀਕਿਆਂ ਨਾਲ ਰੋਕਾਂਗੇ, ਅਜਿਹੀਆਂ ਗਤੀਵਿਧੀਆਂ ਵਿੱਚ ਮਦਦ ਕਰਨ ਵਾਲਿਆਂ ਨੂੰ ਫੜਾਂਗੇ ਅਤੇ ਤੀਜਾ, ਅਸੀਂ ਸਹੀ ਇਲਾਜ ਲਈ ਵਿਦੇਸ਼ ਤੋਂ ਦਵਾਈਆਂ ਲਿਆ ਕੇ ਇੱਥੇ ਮੁਫ਼ਤ ਵੰਡਾਂਗੇ। ਇਸ ਤੋਂ ਬਾਅਦ 'ਮੇਕ ਇਨ ਇੰਡੀਆ' ਤਹਿਤ ਇਹ ਦਵਾਈਆਂ ਅੰਮ੍ਰਿਤਸਰ ਵਿਚ ਵੀ ਤਿਆਰ ਕਰਾਂਗੇ। ਇਸ ਕੰਮ ਵਿਚ ਸਾਡੇ ਭਾਈਚਾਰੇ ਦੇ ਬਹੁਤ ਸਾਰੇ ਲੋਕ ਜੋ ਅਮਰੀਕਾ ਬੈਠੇ ਹਨ, ਉਹ ਡਾਕਟਰ ਸਾਡੀ ਮਦਦ ਕਰਨ ਲਈ ਤਿਆਰ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਅਸੀਂ ਨਸ਼ਾ ਕਰਨ ਵਾਲੇ ਬੱਚਿਆਂ ਨੂੰ ਸਮਾਜ ਵਿੱਚੋਂ ਬਾਹਰ ਨਹੀਂ ਕੱਢਾਂਗੇ। ਅਸੀਂ ਉਨ੍ਹਾਂ ਲਈ ਨੌਕਰੀਆਂ ਦਾ ਪ੍ਰਬੰਧ ਕਰਾਂਗੇ ਜੋ ਆਪਣਾ ਸਟਾਰਟ-ਅੱਪ ਖੋਲ੍ਹਣਾ ਚਾਹੁੰਦੇ ਹਨ ਉਨ੍ਹਾਂ ਨੂੰ ਪੈਸਾ ਲਿਆ ਕੇ ਦਿਆਂਗੇ।

ਸਾਡੀ ਕੋਸ਼ਿਸ਼ ਰਹੇਗੀ ਕਿ ਇਨ੍ਹਾਂ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸਨਮਾਨ ਜਨਕ ਜੀਵਨ ਦਾ ਮੁੜ ਅਵਸਰ ਮਿਲੇ। ਉਨ੍ਹਾਂ ਦੀ ਸਿੱਖਿਆ ਵਧੀਆ ਕਾਲਜਾਂ, ਵਧੀਆ ਯੂਨੀਵਰਸਿਟੀਆਂ ਵਿੱਚ ਹੋਣੀ ਚਾਹੀਦੀ ਹੈ। ਜਿਨ੍ਹਾਂ ਬਚਿਆਂ ਨੇ ਡਿਗਰੀ ਲੈਣ ਲਈ ਵਿਦੇਸ਼ ਜਾਣਾ ਹੈ, ਉਨ੍ਹਾਂ ਨੂੰ ਉਹ ਹੀ ਡਿੱਗਰੀਆਂ ਇੱਥੇ ਹੀ ਮਿਲਣ। ਅਸੀਂ ਬੱਚਿਆਂ ਨੂੰ ਵਜ਼ੀਫ਼ੇ ਵੀ ਦਿਵਾਵਾਂਗੇ। ਅਖੀਰ ਚ ਸੰਧੂ ਸਮੁੰਦਰੀ ਨੇ ਕਹਾ ਕਿ ਨਸ਼ਿਆਂ ਨਾਲ ਉੱਜੜੇ ਪਰਿਵਾਰਾਂ ਦੇ ਦਰਦ ਨੂੰ ਮੈਂ ਮਹਿਸੂਸ ਕਰ ਦਾ ਹਾਂ। ਇਲਾਜ ਨਸ਼ਿਆਂ ਦਾ ਖ਼ਾਤਮਾ ਹੈ। ਅਸੀਂ ਦ੍ਰਿੜ੍ਹਤਾ ਅਤੇ ਇੱਕਜੁੱਟਤਾ ਦੇ ਨਾਲ ਨਸ਼ਿਆਂ ਖਿਲਾਫ ਵਿਆਪਕ ਜੰਗ ਲੜਾਂਗੇ। ਜਿਸ ਵਿੱਚ ਅਸੀਂ ਸਾਰੇ ਬਿਨਾਂ ਸ਼ੱਕ ਜਿੱਤ ਕੇ ਰਹਾਂਗੇ। ਇਸ ਮੌਕੇ ਬਾਊ ਰਾਮ ਸ਼ਰਨ ਅਤੇ ਪ੍ਰਮੋਦ ਦੇਵਗਨ ਵੀ ਮੌਜੂਦ ਸਨ।

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਅੰਮ੍ਰਿਤਸਰ ਦੇ ਅੰਤਰ-ਰਾਂਸ਼ਟਰੀ ਹਵਾਈ ਅੱਡੇ ਦਾ ਵਿਸਥਾਰ ਕਰਨ, ਸਾਰਕ ਹਸਪਤਾਲ ਤੇ ਏਮਜ ਸਥਾਪਤ ਕਰਨ ਦੀ ਮੰਗ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਅੰਮ੍ਰਿਤਸਰ ਵਿਕਾਸ ਮੰਚ ਦੇ ਆਗੂ ਡਾ. ਚਰਨਜੀਤ ਸਿੰਘ ਗੁਮਟਾਲਾ ਸਰਪ੍ਰਸਤ, ਮਨਮੋਹਣ ਸਿੰਘ ਬਰਾੜ ਸਰਪ੍ਰਸਤ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਸਰਪ੍ਰਸਤ,ਸ੍ਰ. ਹਰਦੀਪ ਸਿੰਘ ਚਾਹਲ ਸਰਪ੍ਰਸਤ,ਰਾਜਵਿੰਦਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ, ਜਤਿੰਦਰਪਾਲ ਸਿੰਘ ਵਿੱਤ ਸਕੱਤਰ,ਡਾ. ਆਰ. ਪੀ. ਐਸ. ਬੇਦੀ,ਯੋਗੇਸ਼ ਕਾਮਰਾ ਸਕੱਤਰ, ਜਸਪਾਲ ਸਿੰਘ, ਕੰਵਲਜੀਤ ਸਿੰਘ ਭਾਟੀਆ ਅਤੇ ਹੋਰ ਆਗੂਆਂ ਨੇ ਇੱਕ ਸਥਾਨਿਕ ਹੋਟਲ ਵਿੱਚ ਪ੍ਰੈਸ ਕਾਨਫਰੰਸ ਕਰਕੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਪਾਰਲੀਮੈਂਟ ਚੋਣਾਂ ਵਿੱਚ ਹਿੱਸਾ ਲੈ ਰਹੇ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਦੇ ਧਿਆਨ ਵਿੱਚ ਗੁਰੂ ਨਗਰੀ ਅੰਮ੍ਰਿਤਸਰ ਨਾਲ ਸਬੰਧਿਤ ਚਿਰਾਂ ਤੋਂ ਲੰਬਿਤ ਸਮੱਸਿਆਵਾਂ ਲਿਆ ਕੇ ਉਮੀਦਾਂ ਜ਼ਾਹਿਰ ਕੀਤੀਆਂ ਕਿ 2024 ਦੀਆਂ ਲੋਕ ਸਭਾ ਚੋਣਾਂ ਉਪਰੰਤ ਬਤੌਰ ਮੈਂਬਰ ਲੋਕ ਸਭਾ/ ਕੇਂਦਰੀ ਮੰਤਰੀ ਹੇਠਾਂ ਵਰਨਣ ਕੀਤੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਕੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੇ ਵਸਨੀਕਾਂ ਪ੍ਰਤੀ ਵਫ਼ਾਦਾਰੀ ਨਿਭਾਉਣਗੇ। ਗੁਰੂ ਨਗਰੀ ਅੰਮ੍ਰਿਤਸਰ ਦੇ ਹੱਲ ਕਰਨ ਯੋਗ ਮਹੱਤਵਪੂਰਨ ਮਸਲੇ ਇਹ ਹਨ :-

1. ਅੰਮ੍ਰਿਤਸਰ ਖੇਤਰ ਲਈ ਅਹਿਮ ਭਾਰਤ ਦਾ ਪਾਕਿਸਤਾਨ, ਅਫਗਾਨਿਸਤਾਨ ਅਤੇ ਹੋਰ ਮੱਧ ਪੂਰਬੀ ਦੇਸ਼ਾਂ ਨਾਲ ਅਟਾਰੀ ਵਾਘਾ ਸਰਹੱਦ ਰਾਹੀਂ ਆਪਸੀ ਵਿਉਪਾਰ ਮੁੜ ਸ਼ੁਰੂ ਕਰਨ ਲਈ ਨਿਰਣਾਇਕ ਯਤਨ ਕੀਤੇ ਜਾਣ।

2. ਬੇਨਤੀ ਹੈ ਕਿ ਆਪਜੀ ਪੰਜਾਬ ਦੀ ਸਮੁੱਚੀ ਕਿਸਾਨੀ ਲਈ ਵਰਦਾਨ ਸਾਬਿਤ ਹੋਣ ਵਾਲੇ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਹੌਰਟੀਕਲਚਰ ਰੀਸਰਚ ਐਂਡ ਐਜੂਕੇਸ਼ਨ ਅੰਮ੍ਰਿਤਸਰ ਲਈ ਜ਼ਮੀਨ ਦੀ ਖਰੀਦ ਲਈ ਕੇਂਦਰ ਸਰਕਾਰ ਪਾਸੋਂ ਲੋੜੀਂਦਾ ਬਜਟ ਪ੍ਰਵਾਨ ਕਰਾਉਣ ਲਈ ਸੁਹਿਰਦ ਯਤਨ ਕਰੋਗੇ , ਕਿਉਂਕਿ ਪੰਜਾਬ ਸਰਕਾਰ ਇਸ ਕੇਂਦਰੀ ਬਾਗ਼ਬਾਨੀ ਖੋਜ ਸੰਸਥਾਨ ਲਈ ਜ਼ਮੀਨ ਖਰੀਦਣ ਲਈ ਤਿਆਰ ਨਹੀਂ ਜਾਪਦੀ।

3.ਸ੍ਰੀ ਗੁਰੂ ਰਾਮਦਾਸ ਜੀ



ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ ਦੇ ਵਿਸਤਾਰ ਲਈ ਲੋੜੀਂਦੀ ਪ੍ਰਵਾਨਗੀ ਅਤੇ ਬਜਟ ਪ੍ਰਾਪਤ ਕਰਨ ਲਈ ਸੁਹਿਰਦ ਯਤਨ ਕੀਤੇ ਜਾਣ।

4. ਕੇਂਦਰੀ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਏਮਜ (ਆਲ ਇੰਡੀਆ ਇਨਸਟੀਚਿਊਟ ਆਫ਼ ਮੈਡੀਕਲ ਸਾਇੰਸਜ਼) ਤੇ ਅੰਮ੍ਰਿਤਸਰ ਵਿੱਚ ਪ੍ਰਵਾਨ ਕੀਤੇ "ਸਾਰਕ ਹਸਪਤਾਲ"ਦੀ ਸਥਾਪਨਾ ਸਥਾਪਿਤ ਕਰਵਾਉਣ ਲਈ ਨਿਰਣਾਇਕ ਯਤਨ ਕੀਤੇ ਜਾਣ।

5. ਪੱਟੀ-ਮਖੂ ਰੇਲ ਲਿੰਕ ਲਈ ਜ਼ਮੀਨ ਖਰੀਦਣ ਲਈ ਕੇਂਦਰੀ ਸਰਕਾਰ ਪਾਸੋਂ ਲੋੜੀਂਦਾ ਬਜਟ ਪ੍ਰਵਾਨ ਕਰਾਉਣ ਲਈ ਆਪਜੀ ਵੱਲੋਂ ਨਿਰਣਾਇਕ ਯਤਨ ਕੀਤੇ ਜਾਣ, ਕਿਉਂਕਿ ਪੰਜਾਬ ਸਰਕਾਰ ਇਸ ਰੇਲ ਪ੍ਰੋਜੈਕਟ ਲਈ ਜ਼ਮੀਨ ਖਰੀਦਣ ਲਈ ਬਜਟ ਪ੍ਰਵਾਨ ਕਰਦੀ ਜਾਪਦੀ ਨਹੀਂ।

6.ਪਹਾੜੀ ਰਾਜਾਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੀ ਤਰਜ਼ ਤੇ ਪੰਜਾਬ ਦੇ ਅੰਮ੍ਰਿਤਸਰ ਸਮੇਤ ਸਰਹੱਦੀ ਜ਼ਿਲਿਆਂ ਵਿੱਚ ਸਥਾਪਿਤ ਉਦਯੋਗਾਂ ਲਈ ਕੇਂਦਰੀ ਸਰਕਾਰ ਪਾਸੋਂ ਟੈਕਸ ਰਿਆਇਤਾਂ ਪ੍ਰਾਪਤ ਕੀਤੀਆਂ ਜਾਣ।

7.ਅੰਮ੍ਰਿਤਸਰ ਵਿੱਚ ਸਥਾਪਿਤ ਹੋ ਚੁੱਕੇ ਸਾਫ਼ਟਵੇਰ ਟੈਕਨਾਲੋਜੀ ਪਾਰਕ ਆਫ਼ ਇੰਡੀਆ ਨੂੰ ਪੂਰੀ ਸਮਰੱਥਾ ਨਾਲ ਚਲਾਉਣ ਲਈ ਅੰਤਰਰਾਸ਼ਟਰੀ ਕੰਪਨੀਆਂ ਜਿਵੇਂ ਇੰਨਫਿਰਮੇਸ਼ਨ ਟੈਕਨਾਲਾਓਜੀ ਪਾਰਕ ਆਫ਼ ਇੰਡੀਆ ਨੂੰ ਅੰਮ੍ਰਿਤਸਰ ਸਥਾਪਿਤ ਕਰਨ ਲਈ ਨਿੱਗਰ ਉਪਰਾਲੇ ਕੀਤੇ ਜਾਣ।

8. ਅੰਮ੍ਰਿਤਸਰ ਵਿਖੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਇੱਕ ਬੈਂਚ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਜਾਵੇ।

9. ਪੰਜਾਬ ਵਿਧਾਨ ਸਭਾ ਦੇ ਕੁਝ ਸੈਸ਼ਨ ਅੰਮ੍ਰਿਤਸਰ ਵਿਖੇ ਬਲਾਉਣ ਲਈ ਆਪਜੀ ਵੱਲੋਂ ਅਧਿਕਾਰਤ ਪੱਧਰ ਤੇ ਠੋਸ ਉਪਰਾਲੇ ਕੀਤੇ ਜਾਣ।

10. ਘਰਿੰਡਾ ( ਅੰਮ੍ਰਿਤਸਰ-ਅਟਾਰੀ ਮੁੱਖ ਸੜਕ ਜ਼ਿਲ੍ਹਾ ਅੰਮ੍ਰਿਤਸਰ ਤੇ ਸਥਿਤ) ਵਿਖੇ ਉਸਾਰੀ ਅਧੀਨ ਰੇਡੀਓ ਟਾਵਰ ਅਤੇ ਸਟੂਡੀਓ ਪੂਰੀ ਸਮਰੱਥਾ ਨਾਲ ਚਲਾਉਣ ਲਈ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਪਾਸੋਂ ਆਪਜੀ ਵੱਲੋਂ ਸਾਰੀਆਂ ਪ੍ਰਵਾਨਗੀਆਂ ਹਾਸਲ ਕਰਨ ਲਈ ਪ੍ਰਭਾਵੀ ਯਤਨ ਕੀਤੇ ਜਾਣ।

11.ਸਿਫ਼ਤੀ ਦੇ ਘਰ ਅੰਮ੍ਰਿਤਸਰ ਦੀਆਂ ਸਥਾਨਿਕ ਸਮੱਸਿਆਵਾਂ ਮਸਲਨ ਤੁੰਗ ਢਾਬ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ, ਭਗਤਾਂਵਾਲਾ ਕੂੜਾ ਡੰਪ ਸ਼ਹਿਰ ਵਿੱਚੋਂ ਬਾਹਰ ਕੱਢਣ, ਅੰਮ੍ਰਿਤਸਰ ਵਿੱਚ ਬੀ.ਆਰ.ਟੀ.ਐਸ ਬੱਸ ਸੇਵਾ ਮੁੜ ਸ਼ੁਰੂ ਕਰਨ, ਬਹੁ-ਮੰਤਵੀ ਕਨਵੈਨਸ਼ਨ ਅਤੇ ਐਗਜੀਬਿਸ਼ਨ ਸੈਂਟਰ ਦੀ ਸਥਾਪਨਾ, ਬਹੁ-ਮੰਤਵੀ ਸਪੋਰਟਸ ਕੰਪਲੈਕਸ ਦੀ ਉਸਾਰੀ, ਫੂਡ ਪ੍ਰੋਸੈਸਿੰਗ ਉਦਯੋਗ ਸਥਾਪਿਤ ਕਰਨ, ਵੈਡਿੰਗ ਜ਼ੋਨ ਸਥਾਪਿਤ ਕਰਕੇ ਸੜਕਾਂ ਫੁੱਟਪਾਥਾਂ ਤੋਂ ਰੇੜ੍ਹੀਆਂ ਆਦਿ ਹਟਾਉਣ, ਅੰਮ੍ਰਿਤਸਰ ਦੀ ਸਫ਼ਾਈ ਦੀ ਬੁਰੀ ਹਾਲਤ ਸੁਧਾਰਨ ਲਈ, ਆਮ ਸ਼ਹਿਰੀਆਂ ਅਤੇ ਖਾਸ ਕਰਕੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ, ਸ੍ਰੀ ਹਰਿਮੰਦਰ ਸਾਹਿਬ ਦੇ ਵਿਰਾਸਤੀ ਮਾਰਗ ਤੋਂ ਨਜਾਇਜ਼ ਵਿਅੱਕਤੀਆਂ ਅਤੇ ਕਬਜ਼ਿਆਂ ਤੋਂ ਪੂਰੀ ਤਰ੍ਹਾਂ ਮੁਕਤ ਕਰਾਉਣ, ਸ਼ਹਿਰ ਵਿੱਚ ਅਮਨ ਕਾਨੂੰਨ ਅਤੇ ਟਰੈਫਿਕ ਸਮੱਸਿਆ ਦਾ ਹੱਲ ਕਰਨ, ਯਾਤਰੀਆਂ ਲਈ ਘੱਟ ਤੋਂ ਘੱਟ 5000 ਕਾਰਾਂ ਦੀ ਪਾਰਕਿੰਗ ਦਾ ਇੰਤਜ਼ਾਮ ਕਰਨ, ਸ਼ਹਿਰ ਨੂੰ ਹਰਿਆ ਭਰਿਆ ਬਣਾਉਣ ਆਦਿ ਲਈ ਆਪਜੀ ਵੱਲੋਂ ਸਫ਼ਲ ਯਤਨ ਕੀਤੇ ਜਾਣ।


aap
AAM AADMI PARTY
VOTE
&
SUPPORT
ਆਪ
ਆਮ ਆਦਮੀ ਪਾਰਟੀ
ਆਮ ਆਦਮੀ ਪਾਰਟੀ
ਫਿਰੋਜ਼ਪੁਰ
ਜਗਦੀਪ ਸਿੰਘ ਕਾਕਾ ਬਰਾੜ
ਗੁਰਦਾਸਪੁਰ
ਅਮਨ ਸ਼ੇਰ ਕਲਸੀ (ਸ਼ੈਰੀ ਕਲਸੀ)
ਜਲੰਧਰ SC
ਪਵਨ ਕੁਮਾਰ ਟੀਨੂੰ
ਲੁਧਿਆਣਾ
ਅਸ਼ੋਕ ਪਰਾਸ਼ਰ ਪੱਪੀ
ਆਨੰਦਪੁਰ ਸਾਹਿਬ
ਮਾਲਵਿੰਦਰ ਸਿੰਘ ਕੰਗ
ਹੁਸ਼ਿਆਰਪੁਰ
ਡਾ.ਰਾਜਕੁਮਾਰ ਚੱਬੇਵਾਲ
ਅੰਮ੍ਰਿਤਸਰ
ਕੁਲਦੀਪ ਧਾਲੀਵਾਲ
ਖਡੂਰ ਸਾਹਿਬ
ਲਾਲਜੀਤ ਭੁੱਲਰ
ਫਤਿਹਗੜ੍ਹ ਸਾਹਿਬ
ਗੁਰਪ੍ਰੀਤ ਸਿੰਘ ਜੀ.ਪੀ.
ਫਰੀਦਕੋਟ
ਕਰਮਜੀਤ ਅਨਮੋਲ
ਬਠਿੰਡਾ
ਗੁਰਮੀਤ ਸਿੰਘ ਖੁੱਡੀਆਂ
ਸੰਗਰੂਰ
ਗੁਰਮੀਤ ਸਿੰਘ ਮੀਤ ਹੇਅਰ
ਪਟਿਆਲਾ
ਡਾ. ਬਲਬੀਰ ਸਿੰਘ
ਜਾਰੀ ਕਰਤਾ
GULINDER GILL


ARES LENDING
Residential | Commercial | Investment
ਆਪਣਾ ਘਰ Re-Finance ਜਾਂ ਖ਼ਰੀਦਣਾ
Business ਲੈਣਾ ਜਾਂ Re-Finance ਕਰਨਾ, Working Capital ਲੈਣਾ ਹੈ
ਤਾਂ ARES LANDING Assist ਕਰ ਸਕਦੀ ਹੈ :
SBA Loan
SBA LOAN
FHA Loan
FHA LOAN
CONVENTIONAL LOAN
CONVENTIONAL LOAN
Commercial Loan
PRIVATE LOAN
PRIVATE LOAN
VA HOME LOANS
VA LOAN
ਜੇਕਰ ਤੁਸੀਂ Veteran ਹੋ America ਦੇ ਤਾਂ
ਤੁਹਾਨੂੰ 100% Financing Veteran ਦਾ ਆਪਾ ਦਵਾ ਸਕਦੇ ਹਾਂ
Contact (TONY SINGH ) For More INFO at : (916) 519-7009
DRE#: 01901843 | NMLS: 823070 | DRE# 02188764 | NMLS# 2402240
TRS LDA SERVICES COMPANY
DRE# 02188764 | LDA# 2022-001
Loan ਲੈਣ ਵਿੱਚ ਆਉਂਦੀ ਹੋਵੇ ਮੁਸ਼ਕਿਲ ਤਾਂ TRS LDA SERVICES COMPANY
ਕੋਲ ਹੈ Credit Repair ਦਾ ਹਰ ਹੱਲ
Credit ਠੀਕ ਕਰਵਾਉਣਾ ਹੋਵੇ | Credit ਤੇ Negative Items ਹੋਣ | ਜ਼ਿਆਦਾ Enquiries ਹੋਣ
ਤੁਹਾਡਾ LOAN ਪਾਸ ਨਾ ਹੁੰਦਾ ਹੋਵੇ, ਤਾਂ ਅਸੀਂ ਤੁਹਾਡਾ Credit FIX ਕਰਨ ਵਿੱਚ ਮਦਦ ਕਰਦੇ ਹਾਂ
ਤੁਹਾਡਾ Score ਘੱਟ ਹੈ ਤਾਂ ਸਾਡੀ Company Credit Repair ਵੀ ਕਰਦੀ ਹੈ
ਜਾਣਕਾਰੀ ਲਈ ਕਾਲ ਕਰੋ : Credit Analyst : Fatima Fierros : (916) 829-4200


GLOBAL DEFENCE SCHOOL PATIALA
A Unique Boarding School Of Patiala
with Largest Campus
GLOBAL DEFENCE SCHOOL
Choose to shine LIKE THE RISING SUN.
ADMISSIONS
SESSION 2024-25 OPEN
Nursery to 7th
CBSE PATTERN
" THE BEST CHOICE FOR YOUR KIDS"
Enroll Now
Day Cum Residential School
+91 9872601534, +91 9023433311
admission@globaldefenceschool.com
Nabha-Patiala Road, Rakhra Pincode 147201


aap
AAM AADMI PARTY
VOTE
&
SUPPORT
ਆਪ
ਆਮ ਆਦਮੀ ਪਾਰਟੀ
ਆਮ ਆਦਮੀ ਪਾਰਟੀ
ਫਿਰੋਜ਼ਪੁਰ
ਜਗਦੀਪ ਸਿੰਘ ਕਾਕਾ ਬਰਾੜ
ਗੁਰਦਾਸਪੁਰ
ਅਮਨ ਸ਼ੇਰ ਕਲਸੀ (ਸ਼ੈਰੀ ਕਲਸੀ)
ਜਲੰਧਰ SC
ਪਵਨ ਕੁਮਾਰ ਟੀਨੂੰ
ਲੁਧਿਆਣਾ
ਅਸ਼ੋਕ ਪਰਾਸ਼ਰ ਪੱਪੀ
ਆਨੰਦਪੁਰ ਸਾਹਿਬ
ਮਾਲਵਿੰਦਰ ਸਿੰਘ ਕੰਗ
ਹੁਸ਼ਿਆਰਪੁਰ
ਡਾ.ਰਾਜਕੁਮਾਰ ਚੱਬੇਵਾਲ
ਅੰਮ੍ਰਿਤਸਰ
ਕੁਲਦੀਪ ਧਾਲੀਵਾਲ
ਖਡੂਰ ਸਾਹਿਬ
ਲਾਲਜੀਤ ਭੁੱਲਰ
ਫਤਿਹਗੜ੍ਹ ਸਾਹਿਬ
ਗੁਰਪ੍ਰੀਤ ਸਿੰਘ ਜੀ.ਪੀ.
ਫਰੀਦਕੋਟ
ਕਰਮਜੀਤ ਅਨਮੋਲ
ਬਠਿੰਡਾ
ਗੁਰਮੀਤ ਸਿੰਘ ਖੁੱਡੀਆਂ
ਸੰਗਰੂਰ
ਗੁਰਮੀਤ ਸਿੰਘ ਮੀਤ ਹੇਅਰ
ਪਟਿਆਲਾ
ਡਾ. ਬਲਬੀਰ ਸਿੰਘ
ਜਾਰੀ ਕਰਤਾ
GURDEEP GILL

# ਮਾਤਾ ਗੰਗਾ ਗਰਲਜ਼ ਕਾਲਜੀਏਟ ਸਕੂਲ ਦੀਆਂ ਵਿਦਿਆਰਥਣਾਂ ਨੇ ਬਾਰਵੀਂ ਜਮਾਤ ਵਿੱਚੋਂ ਮੱਲਾਂ ਮਾਰੀਆਂ



**ਤਰਨ ਤਾਰਨ ਸਾਂਝੀ ਸੋਚ ਬਿਊਰੋ**

ਮਾਤਾ ਗੰਗਾ ਗਰਲਜ਼ ਕਾਲਜੀਏਟ ਸਕੂਲ ਤਰਨ ਤਾਰਨ ਦੀਆਂ ਵਿਦਿਆਰਥਣਾਂ ਜਸਪ੍ਰੀਤ ਕੌਰ ਸਪੁੱਤਰੀ ਸਵਿੰਦਰ ਸਿੰਘ ਨੇ ਬਾਰਵੀਂ ਜਮਾਤ ਵਿੱਚੋਂ 421 ਨੰਬਰ ਲੈ ਕੇ ਪਹਿਲਾ ਨੰਬਰ ਪ੍ਰਾਪਤ ਕੀਤਾ ਅਤੇ ਸੰਦੀਪ ਕੌਰ ਸਪੁੱਤਰੀ ਜਸਪਾਲ ਸਿੰਘ ਨੇ 415 ਨੰਬਰ ਲੈ ਕੇ ਦੂਜਾ ਨੰਬਰ ਪ੍ਰਾਪਤ ਕੀਤਾ ਅਤੇ ਤਨੁਜਾ ਸਪੁੱਤਰੀ ਕੰਵਲਜੀਤ ਸਿੰਘ ਨੇ 412 ਨੰਬਰ ਲੈ ਕੇ ਤੀਜਾ ਨੰਬਰ ਪ੍ਰਾਪਤ ਕੀਤਾ ਅਤੇ ਨੂਰਦੀਪ ਕੌਰ ਸਪੁੱਤਰੀ ਬਲਵਿੰਦਰ ਸਿੰਘ ਨੇ ਵੀ 412 ਨੰਬਰ ਲੈ ਕੇ ਤੀਜਾ ਨੰਬਰ ਪ੍ਰਾਪਤ ਕਰ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ।

ਇਸ ਮੌਕੇ ਸਕੂਲ ਪ੍ਰਿੰਸੀਪਲ ਸ਼ੈਲੀ ਸੂਦ ਅਤੇ ਸਕੂਲ ਸਟਾਫ਼ ਵੱਲੋਂ ਬੱਚੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਬੱਚੀਆਂ ਦੇ ਆਉਣ ਵਾਲੇ ਉੱਜਲ ਭਵਿੱਖ ਲਈ ਸੁੱਭਕਾਮਨਾਵਾ ਦਿੱਤੀਆਂ ਗਈਆਂ।

# ਆਜ਼ਾਦੀ ਦੀ ਪਹਿਲੀ ਜੰਗ 'ਗ਼ਦਰ' ਦੇ ਇਤਿਹਾਸਕ ਦਿਨ ਮੌਕੇ ਸੀਪੀਆਈ (ਐੱਮ ਐੱਲ) ਨਿਊ ਡੈਮੋਕਰੇਸੀ ਵੱਲੋਂ ਕਨਵੈਨਸ਼ਨ ਕਰਨ ਦਾ ਐਲਾਨ

**ਜਲੰਧਰ ਸਾਂਝੀ ਸੋਚ ਬਿਊਰੋ**

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਵੱਲੋਂ ਆਜ਼ਾਦੀ ਦੀ ਪਹਿਲੀ ਜੰਗ '1857 ਦਾ ਗ਼ਦਰ' ਦੇ ਇਤਿਹਾਸਕ ਦਿਨ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 10 ਮਈ ਨੂੰ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਜਾਵੇਗੀ। ਜਿਸ ਵਿੱਚ 'ਭਾਜਪਾ ਹਰਾਓ-ਭਾਜਪਾ ਭਜਾਓ', ਦੂਜੀਆਂ ਸੱਤਾਧਾਰੀ ਪਾਰਟੀਆਂ ਨੂੰ ਸਵਾਲ ਕਰੋ ਅਤੇ ਲੁੱਟ ਅਧਾਰਿਤ ਪ੍ਰਬੰਧ ਦਾ ਪਰਦਾਫਾਸ਼ ਕਰੋ ਮੁਹਿੰਮ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ ਜਾਵੇਗਾ। ਪਾਰਟੀ ਦੇ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਪ੍ਰੈਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮੋਦੀ ਦੀ ਅਗਵਾਈ ਵਿੱਚ ਸਰਕਾਰ ਨੇ ਦੇਸ਼ ਦੇ ਲੋਕਾਂ ਵਿਰੁੱਧ ਫਾਸ਼ੀਵਾਦੀ ਹਮਲਾ ਵਿੱਢਿਆ ਹੋਇਆ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਖਿਲਾਫ਼ ਨਫ਼ਰਤ ਫੈਲਾਈ ਜਾ ਰਹੀ ਹੈ। ਕਦੀ ਘਰ ਵਾਪਸੀ, ਕਦੀ ਗਊ ਹੱਤਿਆ, ਕਦੀ ਗਊ ਮਾਸ ਅਤੇ ਕਦੀ ਲਵ ਜਿਹਾਦ ਦਾ ਬਹਾਨਾ ਬਣਾ ਕੇ ਇਹਨਾਂ ਨੂੰ ਹਮਲਿਆਂ ਦਾ ਨਿਸ਼ਾਨਾ



ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹਨਾਂ ਚੋਣਾਂ 'ਚ ਮੁਸਲਮਾਨਾਂ ਨੂੰ ਘੁਸਪੈਠੀਏ, ਵੱਧ ਬੱਚੇ ਜੰਮਣ ਵਾਲੇ ਦੱਸਕੇ ਨੀਵੇਂ ਪੱਧਰ ਦਾ ਕੀਤਾ ਜਾ ਰਿਹਾ ਪ੍ਰਚਾਰ ਮੋਦੀ-ਸ਼ਾਹ ਦੀ ਦੀ ਬੁਖਲਾਹਟ ਦਾ ਪ੍ਰਗਟਾਵਾ ਹੈ। ਉਸਤੋਂ ਵੀ ਅੱਗੇ ਜਾ ਕੇ ਵਿਰੋਧੀ ਪਾਰਟੀਆਂ ਦੀ ਜਿੱਤ ਨੂੰ ਮੰਗਲਸੂਤਰ ਉਤਾਰਨ ਅਤੇ ਔਰਤਾਂ ਦਾ ਸੋਨਾ ਮੁਸਲਮਾਨਾਂ ਦੇ ਹਵਾਲੇ ਕਰਕੇ ਹਿੰਦੂ ਭਾਈਚਾਰੇ ਨੂੰ ਡਰਾਇਆ ਜਾ ਰਿਹਾ ਹੈ ਤਾਂ ਜੋ ਵੋਟਾਂ ਦਾ ਧਰੁਵੀਕਰਨ ਕਰਕੇ ਹਰ ਹੀਲੇ ਚੋਣਾਂ ਜਿੱਤਣ ਦਾ ਅਧਾਰ ਬਣੇ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਭਾਜਪਾ ਵਲੋਂ ਵਿਰੋਧੀ ਪਾਰਟੀਆਂ ਦੇ ਜਿੱਤ ਜਾਣ 'ਤੇ ਦੇਸ਼ ਵਿੱਚ ਦੰਗੇ ਹੋਣ ਦਾ ਹਊਆ ਖੜਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਭਾਜਪਾ ਵਾਲੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਸੇਧ ਵਿੱਚ ਲਗਾਤਾਰ ਯਤਨ ਕਰ ਰਹੇ ਹਨ। ਦੇਸ਼ ਵਿੱਚ ਇੱਕ ਵਿਚਾਰਧਾਰਾ, ਇੱਕ ਪਾਰਟੀ, ਇੱਕ ਨੇਤਾ, ਹੋਣ ਦਾ ਪ੍ਰਚਾਰ ਕਰ ਰਹੇ ਹਨ ਜਿਸ ਰਾਹੀਂ ਇੱਕ ਭਾਸ਼ਾ, ਇੱਕ ਧਰਮ, ਇੱਕ ਸੱਭਿਆਚਾਰ ਲਾਗੂ ਕਰਕੇ ਦੇਸ਼ ਦੀ ਵੰਨ-ਸੁਵੰਨਤਾ ਖਤਮ ਕਰਕੇ ਦੇਸ਼ ਦੇ ਮਾਲ ਖਜ਼ਾਨੇ, ਜਲ ਜੰਗਲ ਜ਼ਮੀਨ ਕਾਰਪੋਰੇਟ ਦੇ ਹਵਾਲੇ ਕੀਤੇ ਜਾ ਸਕਣ। ਇਹ ਕਾਰਪੋਰੇਟ ਤੇ ਆਰ.ਐਸ.ਐਸ. ਦਾ ਸਾਂਝਾ ਏਜੰਡਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਅਸਲੀ ਮੁੱਦੇ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਸਿਹਤ, ਵਿੱਦਿਆ ਆਦਿ ਚੋਣ ਪ੍ਰਚਾਰ 'ਚੋਂ ਗਾਇਬ ਹਨ। ਵਿਰੋਧੀ ਧਿਰ ਵੀ ਫਾਸ਼ੀਵਾਦ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਇਸ ਕਰਕੇ ਇੱਕ ਗੱਠਜੋੜ ਬਣਾਉਣ ਦੇ ਬਾਵਜੂਦ ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਇੱਕ ਦੂਜੇ ਵਿਰੁੱਧ ਚੋਣ ਲੜ ਕੇ ਸੰਘ ਦੇ ਮੱਦਦਗਾਰ ਸਾਬਤ ਹੋ ਰਹੇ ਹਨ। ਉਨ੍ਹਾਂ ਨੇ 10 ਮਈ ਦੀ ਕਨਵੈਨਸ਼ਨ ਦੀ ਸਫ਼ਲਤਾ ਲਈ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਤਾਂ ਜੋ ਲੁੱਟ ਦਾ ਰਾਜ ਖਤਮ ਕਰਕੇ ਮਿਹਨਤੀ ਲੋਕਾਂ ਦੇ ਰਾਜ ਦੀ ਸਥਾਪਤੀ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾ ਸਕੇ।






# PAL FILMS & PHOTO BOOKS

*All Your Photo/Videography & Post Production needs Under One Roof*



Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

Email: palfilms@yahoo.com, palfilms925@gmail.com, www.palfilms.com

**4007 Railroad Ave
Pittsburgh, CA 94565**


JK TYRE INC
JKTYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205


VOTE & SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ਼੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ਼੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ਼੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
BHUPINDER SINGH JADLA


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828

## ਸੱਦਾ ਪੱਤਰ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਸੈਕਰਾਮੈਂਟੋ/ਯੂਬਾ ਸਿਟੀ

ਵੱਲੋਂ 20ਵੀਂ

# ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

## ਮਈ 19, ਐਤਵਾਰ, 2024, ਸਵੇਰੇ 9 ਵਜੇ ਤੋਂ 6 ਵਜੇ ਤੱਕ

**ਸਥਾਨ:** Pooja Restaurant, 1223 Merkely Ave. West Sacramento, 95691

**ਪ੍ਰੋਗਰਾਮ**

- ਉਦਘਾਟਨ : 9.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

**ਦਲਵੀਰ 'ਦਿਲ' ਨਿੱਜਰ**
ਪ੍ਰਧਾਨ
916-628-2210

ਉਡੀਕਵਾਨ :
**ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ**

**ਗੁਰਜਤਿੰਦਰ ਸਿੰਘ ਰੰਧਾਵਾ**
ਜਨਰਲ ਸਕੱਤਰ
916-320-9444

---

*Invitation by*

# Punjabi Sahit Sabha, California

*Sacramento/Yuba City*

*20th*

# *International Punjabi Conference*

***Place:** Pooja Restaurant, 1223 Merkely Ave. West Sacramento, 95691*

***Programme***

- Opening Ceremony: 9am
- Poetry (Kavi Sammelan): 11am
- Lunch: 1:30pm
- Discussions on Punjabi Language: 2pm
- Cultural Program: 5pm onwards.

You are cordially Invited to the International 20th Punjabi Conference of Punjabi Sahit Sabha, California to be held on May 19, 2024. Scholars of Punjabi Language and Literature will present their papers. There will be a poetry session, discussions and a Musical night. We hope you will grace the occasion with your presence.

**Dalvir 'Dil' Nijjar**
President
916-628-2210

*With Best Complements from*
*All Members*
*Punjabi Sahit Sabha, California*

**Gurjatinder Singh Randhawa**
General Secretary
916-320-9444


WE HAVE THE CHEAPEST FARES TO INDIA
LEGEND TRAVEL
arc
accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਨਾੜ ਜਾਂ ਪਰਾਲ਼ੀ ਸਾੜਨਾ ਗੈਰ ਜਿੰਮੇਵਾਰਾਨਾ ਕਦਮ

ਅੱਜ ਕੱਲ੍ਹ ਕਣਕ ਦੀ ਵਾਢੀ ਹੋ ਚੁੱਕੀ ਹੈ,ਪਰ ਕਣਕ ਦੀ ਨਾੜ ਸਾੜਨਾ ਆਮ ਲੋਕਾਂ ਜਾਂ ਰਾਹਗੀਰਾਂ ਲਈ ਇੱਕ ਵੱਡੀ ਸਿਰਦਰਦੀ ਬਣੀ ਹੋਈ ਹੈ। ਇਸ ਤੋਂ ਉੱਠਣ ਵਾਲੇ ਧੂੰਏਂ ਤੋਂ ਪ੍ਰਭਾਵਿਤ ਹੋ ਕੇ ਰੋਜ਼ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਹਨ। ਆਖਰ ਇਹ ਕਦ ਤੱਕ ਹੁੰਦਾ ਰਹੇਗਾ? ਇਸ ਦਾ ਹੱਲ ਕਿਸਾਨਾਂ ਨੂੰ ਆਪ ਹੀ ਸੋਚਣਾ ਪਵੇਗਾ। ਦੁਰਘਟਨਾਵਾਂ ਦਾ ਸ਼ਿਕਾਰ ਹੋਣ ਵਾਲੇ ਵੀ ਉਹਨਾਂ ਵਰਗੇ ਆਮ ਲੋਕ ਹੀ ਹੁੰਦੇ ਹਨ, ਉਨ੍ਹਾਂ ਦੇ ਰਿਸ਼ਤੇਦਾਰ ,ਜਾਣ ਪਛਾਣ ਵਾਲੇ ਜਾਂ ਉਨ੍ਹਾਂ ਦਾ ਆਪਣਾ ਕੋਈ ਵੀ ਇਸ ਦਾ ਸ਼ਿਕਾਰ ਹੋ ਸਕਦਾ ਹੈ।

ਆਪਾਂ ਜਾਣਦੇ ਹਾਂ ਕਿ ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਪੰਜਾਬ ਵਿੱਚ ਸਾਢੇ ਬਾਰਾਂ ਹਜ਼ਾਰ ਤੋਂ ਵੱਧ ਪਿੰਡ ਹਨ ਜਿੱਥੇ ਲੋਕ ਖੇਤੀਬਾੜੀ ਨਾਲ ਸਬੰਧਤ ਹੀ ਕਿੱਤਾਕਾਰ ਹਨ ਜਿਨ੍ਹਾਂ ਨੂੰ ਕਿਸਾਨ ਕਿਹਾ ਜਾਂਦਾ ਹੈ। ਇਹਨਾਂ ਵਿੱਚ ਵੱਡੀ ਖੇਤੀ ਕਰਨ ਵਾਲੇ ਥੋੜ੍ਹੇ ਕਿਸਾਨ ਹੁੰਦੇ ਹਨ ਜਦਕਿ ਘੱਟ ਜ਼ਮੀਨ ਦੀ ਖੇਤੀ ਕਰਨ ਵਾਲੇ ਬਹੁਤੇ ਕਿਸਾਨ ਹੁੰਦੇ ਹਨ।

ਛੋਟੀ ਖੇਤੀ ਵਾਲ਼ੇ ਕਿਸਾਨਾਂ ਦਾ ਜੀਵਨ ਬਹੁਤ ਮੁਸ਼ਕਲਾਂ ਭਰਿਆ ਹੁੰਦਾ ਹੈ। ਖ਼ੇਤੀਬਾੜੀ ਵਿੱਚ ਕਿਸਾਨਾਂ ਨੂੰ ਦਿਨ ਰਾਤ ਮਿਹਨਤ ਕਰਨ ਦੇ ਬਾਵਜੂਦ ਮੌਸਮ ਦੀਆਂ ਵਿਪਰੀਤ ਸਥਿਤੀਆਂ, ਬਿਜਲੀ ਸੰਕਟ ਅਤੇ ਆਰਥਿਕ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਤਾਂ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਹੜਾਂ, ਗੜੇਮਾਰੀ ਜਾਂ ਜ਼ਿਆਦਾ ਬਰਸਾਤਾਂ ਕਾਰਨ ਨਸ਼ਟ ਹੋ ਜਾਂਦੀਆਂ ਹਨ ਜਾਂ ਬਿਜਲੀ ਨਾ ਮਿਲਣ ਕਾਰਨ ਡੀਜ਼ਲਾਂ ਦੇ ਵਾਧੂ ਖ਼ਰਚਿਆਂ ਕਰਕੇ ਅਕਸਰ ਹੀ ਉਹਨਾਂ ਨੂੰ ਆਰਥਿਕ ਸੰਕਟ ਦੇ ਦੌਰ ਵਿੱਚੋਂ ਗੁਜ਼ਰਨਾ ਪੈਂਦਾ ਹੈ। ਇਹਨਾਂ ਸਭ ਤੋਂ ਇਲਾਵਾ ਕਿਸਾਨਾਂ ਲਈ ਸਾਲ ਵਿੱਚ ਦੋ ਵਾਰ ਫ਼ਸਲਾਂ ਦੀ ਰਹਿੰਦ ਖੂਹੰਦ ਭਾਵ ਨਾੜ ਤੇ ਪਰਾਲੀ ਨੂੰ ਸਾੜਨਾ ਜਾਂ ਵਾਹੁਣਾ ਵੀ ਸਿਰਦਰਦ ਬਣਿਆ ਹੋਇਆ ਹੈ।

ਸਰਕਾਰਾਂ ਅਤੇ ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਵੱਲੋਂ ਖੇਤਾਂ ਵਿੱਚ ਕਣਕ ਦੀ ਨਾੜ ਨੂੰ ਸਾੜਨ ਬਾਰੇ ਅਤੇ ਇਸਦੇ ਵਾਤਾਵਰਨ ਤੇ ਬਹੁਤ ਸਾਰੇ ਹਾਨੀਕਾਰਕ ਪ੍ਰਭਾਵ ਬਾਰੇ ਜਿਵੇਂ ਪੌਸ਼ਟਿਕ ਤੱਤਾਂ ਦਾ ਨੁਕਸਾਨ, ਧੂੰਏਂ ਤੋਂ ਪ੍ਰਦੂਸ਼ਣ ,ਫਲੈਟਿੰਗ ਥ੍ਰੈਡਸ ਤੋਂ ਬਿਜਲੀ ਅਤੇ ਇਲੈਕਟ੍ਰਾਨਿਕ ਸਾਜ਼ੋ-ਸਾਮਾਨ ਨੂੰ ਨੁਕਸਾਨ, ਨਿਯੰਤਰਣ ਤੋਂ ਬਾਹਰ ਫੈਲਣ ਵਾਲੀਆਂ ਅੱਗਾਂ ਦਾ ਜੋਖਮ ਆਦਿ ਤੇ ਸਮੇਂ ਸਮੇਂ ਸਿਰ ਜਾਣੂ ਕਰਵਾਇਆ ਜਾਂਦਾ ਹੈ। ਆਮ ਤੌਰ ਤੇ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਪਹਿਲਾਂ ਹੀ ਸੁਝਾਅ ਦੇ ਦਿੱਤਾ ਜਾਂਦਾ ਹੈ ਕਿ ਕਣਕ ਦੀ ਕਟਾਈ ਤੋਂ ਬਾਅਦ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਕਿਉਂਕਿ ਝੋਨੇ ਦੀ ਬੀਜਾਈ ਦਾ ਸਮਾਂ ਲਗਭਗ ਡੇਢ ਕੁ ਮਹੀਨਾ ਹੁੰਦਾ ਹੈ। ਇਸੇ ਦੌਰਾਨ ਉਹ ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਕੇ ਦੋ ਤਿੰਨ ਵਾਰ ਪਾਣੀ ਲਾਉਣ ਤੇ ਫਿਰ ਖੇਤਾਂ ਨੂੰ ਵਾਹੁਣ ਅਤੇ ਸੁਹਾਗਾ ਮਾਰਨ ਅਤੇ ਫਿਰ ਪਾਣੀ ਦੇਣ। ਇਸ ਤਰ੍ਹਾਂ ਇਕ ਵਾਰ ਖੇਤ ਵਾਹੁਣ ਨਾਲ ਹੀ ਨਾੜ ਖੇਤ ਵਿਚ ਰਲ ਜਾਵੇਗੀ। ਜਦੋਂ ਝੋਨੇ ਦੀ ਫਸਲ ਲਾਉਣੀ ਹੈ ਤਾਂ ਇਹ ਖਾਦ ਉਪਜਾਊ ਫਸਲ ਪੈਦਾ ਕਰੇਗੀ। ਪਰ ਸਵਾਲ ਇੱਥੇ ਇਹ ਉੱਠਦਾ ਹੈ ਕਿ ਐਨੀ ਵਾਰੀ ਵਾਹੁਣ, ਸੁਹਾਗਾ ਮਾਰਨ ਅਤੇ ਪਾਣੀ ਛੱਡਣ ਦਾ ਖ਼ਰਚ ਕਿਸਾਨ ਉੱਪਰ ਵਾਧੂ ਭਾਰ ਹੈ। ਕਿਸਾਨ ਤਾਂ ਪਹਿਲਾਂ ਹੀ ਕਰਜ਼ਿਆਂ ਦੇ ਭਾਰ ਹੇਠ ਦੱਬੇ ਹੋਏ ਖੁਦਕਸ਼ੀਆਂ ਕਰ ਰਹੇ ਹਨ। ਇਸ ਤੋਂ ਇਲਾਵਾ ਜੇ ਕਿਸਾਨ ਮਸ਼ੀਨੀ ਕਟਾਈ ਦੀ ਥਾਂ ਕਾਮੇ ਲਾ ਕੇ ਹੱਥੀਂ ਫ਼ਸਲ ਕਟਵਾਉਂਦਾ ਹੈ ਤਾਂ ਵੀ ਕਿਸਾਨਾਂ ਉੱਤੇ ਵੱਧ ਸਮਾਂ ਲੱਗਣ ਦੇ ਨਾਲ ਨਾਲ ਵਿੱਤੀ ਭਾਰ ਪੈਂਦਾ ਹੈ। ਜੇ ਕਿਸਾਨ ਨਾੜ ਜਾਂ ਪਰਾਲ਼ੀ ਨੂੰ ਸਾੜਦਾ ਹੈ ਤਾਂ ਉਸ ਨੂੰ ਸਰਕਾਰ ਵੱਲੋਂ ਜੁਰਮਾਨਾ ਵੀ ਲਗਾਇਆ ਜਾਂਦਾ ਹੈ। ਇਸ ਤਰ੍ਹਾਂ ਇਸ ਮਸਲੇ ਤੇ ਕਿਸਾਨ ਹੀ ਹਰ ਪਾਸਿਉਂ ਘੇਰਿਆ ਜਾਂਦਾ ਹੈ।

ਕਣਕ ਦੇ ਨਾੜ ਨੂੰ ਸਾੜਨ ਨਾਲ ਖੇਤਾਂ ਵਿਚਲੇ ਜ਼ਰੂਰੀ ਤੱਤ ਨਸ਼ਟ ਹੋ ਜਾਂਦੇ ਹਨ । ਇਸ ਨਾਲ ਧਰਤੀ ਹੇਠਲੇ ਜਾਂ ਦਰਖ਼ਤਾਂ ਤੇ ਰਹਿਣ ਵਾਲੇ ਨਿਰਦੋਸ਼ ਜੀਵ ਅਨਿਆਈ ਮੌਤ ਮਾਰੇ ਜਾਂਦੇ ਹਨ। ਦੂਜੀ ਗੱਲ ਇਖ਼ਲਾਕੀ ਤੌਰ ਤੇ ਵਿਚਾਰਨਯੋਗ ਹੈ ਕਿ ਜਿਹੜੇ ਖੇਤ ਸਾਨੂੰ ਖਾਣ ਲਈ ਅੰਨ ਦਿੰਦੇ ਹਨ। ਉਨ੍ਹਾਂ ਖੇਤਾਂ ਨੂੰ ਹੀ ਸਾਡੇ ਵੱਲੋਂ ਅੱਗ ਦੀ ਲਪੇਟ 'ਚ ਦੇਣਾ ਇੱਕ ਗ਼ੈਰ-ਜ਼ਿੰਮੇਦਾਰਾਨਾ ਕੰਮ ਹੈ। ਤੀਜਾ ਵੱਡਾ ਨੁਕਸਾਨ ਪ੍ਰਕ੍ਰਿਤੀ ਨੂੰ ਨੁਕਸਾਨ ਪਹੁੰਚਦਾ ਹੈ,ਕਈ ਕਈ ਸਾਲਾਂ ਵਿੱਚ ਵਧੇ ਫੁੱਲੇ ਰੁੱਖ ਝੁਲਸੇ ਜਾਂਦੇ ਹਨ। ਪੰਛੀਆਂ ਦੇ ਰੈਣ ਬਸੇਰੇ ਖ਼ਤਮ ਹੋਣ ਨਾਲ ਪੰਛੀਆਂ ਅਤੇ ਜਾਨਵਰਾਂ ਦੀਆਂ ਕਈ ਜਾਤੀਆਂ ਤਾਂ ਧਰਤੀ ਤੋਂ ਅਲੋਪ ਹੋ ਰਹੀਆਂ ਹਨ ਜੋ ਬਨਸਪਤੀ ਦੇ ਖ਼ਾਤਮੇ ਪ੍ਰਤੀ ਮਨੁੱਖ ਵੱਲੋਂ ਸਭ ਤੋਂ ਘਾਤਕ ਅਲਾਮਤ ਹੈ। ਧੂੰਏਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਵੀ ਬਨਸਪਤੀ ਅਤੇ ਜੀਵਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਦੂਜੇ ਪਾਸੇ ਦੇਖਿਆ ਜਾਵੇ ਤਾਂ ਕਣਕ ਦੇ ਨਾੜ ਦਾ ਨਿਪਟਾਰਾ ਕਰਨਾ ਵੀ ਅਤਿ ਜਰੂਰੀ ਹੈ, ਪਰੰਤੂ ਇਸ ਲਈ ਅੱਗ ਲਗਾਉਣਾ ਹੀ ਇੱਕ ਸਾਧਨ ਨਹੀਂ ਹੈ। ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਕਿ ਇਸ ਦੇ ਬਦਲ ਵਜੋਂ ਚਾਹੇ ਖੇਤਾਂ ਵਿੱਚ ਪਾਣੀ ਲਗਾ ਕੇ ਇਸ ਨੂੰ ਵਾਹ ਕੇ ਵੀ ਨਾੜ ਦਾ ਸੁਚੱਜਾ ਨਿਪਟਾਰਾ ਕੀਤਾ ਜਾ ਸਕਦਾ ਹੈ , ਜਿਸ ਨਾਲ ਨਾ ਤਾਂ ਕਿਸੇ ਪ੍ਰਕਾਰ ਦਾ ਕੋਈ ਪ੍ਰਦੂਸ਼ਣ ਫੈਲੇਗਾ ਅਤੇ ਨਾ ਹੀ ਖੇਤੀ ਦੇ ਤੱਤ ਨਸ਼ਟ ਹੋਣਗੇ ਪਰ ਇਸ ਸਭ ਲਈ ਸਰਕਾਰਾਂ ਨੂੰ ਹੀ ਪਹਿਲ ਕਰਨੀ ਪਵੇਗੀ। ਇਸ ਦੇ ਨਿਪਟਾਰੇ ਲਈ ਕਿਸਾਨਾਂ ਦਾ ਸਾਥ ਦੇਣ ਲਈ ਸਰਕਾਰ ਨੂੰ ਹੀ ਵਿੱਢਣ ਵਿੱਢਣਾ ਪਵੇਗਾ।

ਨਾੜ ਜਾਂ ਪਰਾਲ਼ੀ ਨੂੰ ਸਾੜਨ ਤੇ ਕਿਸਾਨਾਂ ਉੱਤੇ ਜੁਰਮਾਨੇ ਥੋਪਣ ਦੀ ਬਜਾਏ ਕਿਸਾਨਾਂ ਨੂੰ ਸਬਸਿਡੀ, ਕਿਸਾਨਾਂ ਲਈ ਇਸ ਰਹਿੰਦ ਖੂਹੰਦ ਦੀ ਸਾਂਭ ਸੰਭਾਲ ਵਾਲੀ ਮਸ਼ੀਨਰੀ ਮੁਹੱਈਆ ਕਾਰਵਾਈ ਜਾਵੇ। ਸਰਕਾਰ ਵੱਲੋਂ ਫ਼ਸਲੀ ਰਹਿੰਦ ਖੂਹੰਦ ਨਸ਼ਟ ਕਰਨ ਵਾਲੀਆਂ ਸੁਪਰ ਸੀਡਰ ਮਸ਼ੀਨਾਂ ਲਈ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਰਾਹੀਂ ਮਸ਼ੀਨਾਂ ਉਪਲੱਬਧ ਕਰਵਾਉਣ ਅਤੇ ਮਸ਼ੀਨਰੀ ਸੇਵਾ ਸੈਂਟਰਾਂ ਨੂੰ ਸਥਾਪਿਤ ਕਰਨਾ ਚਾਹੀਦਾ ਹੈ ਤਾਂ ਜੋ ਕਿਸਾਨ ਨਾੜ ਜਾਂ ਪਰਾਲੀ ਦੀ ਸਿਰਦਰਦੀ ਤੋਂ ਬੋਝ ਮੁਕਤ ਹੋਣ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਵੀ ਲਾਭਦਾਇਕ ਸਿੱਧ ਹੋ ਸਕੇਗਾ। ਉਂਝ ਤਾਂ ਹੁਣ ਸਰਕਾਰ ਵੱਲੋਂ ਇਸ ਸਬੰਧੀ ਉਚਿਤ ਕਦਮ ਉਠਾਏ ਵੀ ਜਾਂਦੇ ਹਨ। ਹਰੇਕ ਪਿੰਡ ਉੱਪਰ ਨਾੜ ਨੂੰ ਅੱਗ ਲਾਉਣ ਤੋਂ ਬਚਾਉਣ ਲਈ ਖੇਤੀਬਾੜੀ ਵਿਭਾਗ ਵੱਲੋਂ ਇੱਕ ਨਜ਼ਰਸਾਨੀ ਕਰਨ ਲਈ ਕਰਮਚਾਰੀ ਨਿਯੁਕਤ ਕੀਤਾ ਜਾਵੇ ,ਤਾਂ ਜੋ ਕਾਰਵਾਈ ਦੇ ਡਰ ਤੋਂ ਕਿਸਾਨ ਨਾੜ ਨੂੰ ਅੱਗ ਲਗਾਉਣੀ ਬੰਦ ਕਰਨ। ਇਸ ਤਰ੍ਹਾਂ ਕਰਨ ਨਾਲ ਪ੍ਰਕਿਰਤੀ ਅਤੇ ਬਨਸਪਤੀ ਨੂੰ ਹੋਣ ਵਾਲੇ ਨੁਕਸਾਨਾਂ ਤੋਂ ਬਚਾਇਆ ਜਾ ਸਕੇਗਾ ਅਤੇ ਨਿੱਤ ਦਿਹਾੜੇ ਗਹਿਰੇ ਧੂੰਏਂ ਕਾਰਨ ਵਾਪਰ ਰਹੀਆਂ ਦਰਦਨਾਕ ਘਟਨਾਵਾਂ ਨੂੰ ਠੱਲ੍ਹ ਪਵੇਗੀ। ਕਈ ਕਈ ਜਗ੍ਹਾ ਤੇ ਕਿਸਾਨਾਂ ਵੱਲੋਂ ਵੀ ਲਾਪਰਵਾਹੀ ਵਰਤੀ ਜਾਂਦੀ ਹੈ ਤੇ ਜਾਣ ਬੁੱਝ ਕੇ ਨਾੜ ਨੂੰ ਅੱਗ ਲਗਾਈ ਜਾਂਦੀ ਹੈ ਜੇ ਕਿਤੇ ਉਹਨਾਂ ਨੂੰ ਰੋਕਣ ਲਈ ਕੋਈ ਸਰਕਾਰੀ ਕਰਮਚਾਰੀ ਆਉਂਦਾ ਹੈ ਤਾਂ ਉਸ ਨਾਲ ਬਦਸਲੂਕੀ ਕੀਤੀ ਜਾਂਦੀ ਹੈ ਜੋ ਸਰਾਸਰ ਗ਼ਲਤ ਗੱਲ ਹੈ।

ਅੱਜ ਦਾ ਕਿਸਾਨ ਪੜ੍ਹਿਆ ਲਿਖਿਆ ਹੋਇਆ ਹੈ। ਉਸ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਕਈ ਕਿਸਾਨਾਂ ਨੇ ਨਾੜ ਜਾਂ ਪਰਾਲ਼ੀ ਨੂੰ ਅੱਗ ਨਾ ਲਗਾ ਕੇ ਮਿਸਾਲ ਵੀ ਕਾਇਮ ਕੀਤੀ ਹੈ। ਪਰ ਸਰਕਾਰ ਵੱਲੋਂ ਵੀ ਛੋਟੇ ਕਿਸਾਨਾਂ ਦੀ ਆਰਥਿਕ ਮਦਦ ਕਰਕੇ ਅਤੇ ਯੋਗ ਮਸ਼ੀਨਰੀ ਮੁੱਹਈਆ ਕਰਵਾ ਕੇ ਇਸ ਕੰਮ ਵਿੱਚ ਪਹਿਲ ਕਰਨੀ ਚਾਹੀਦੀ ਹੈ। ਛੋਟਾ ਕਿਸਾਨ ਪੱਕੀਆਂ ਫ਼ਸਲਾਂ ਤੇ ਕੁਦਰਤ ਦੀ ਮਾਰ ਦਾ ਪਹਿਲਾਂ ਹੀ ਪ੍ਰਕੋਪ ਝੱਲ ਰਿਹਾ ਹੁੰਦਾ ਹੈ,ਜਿਸ ਕਰਕੇ ਉਹ ਇਹ ਫਾਲਤੂ ਦਾ ਖ਼ਰਚਾ ਝੱਲਣ ਦੇ ਸਮਰੱਥ ਨਹੀਂ ਹੁੰਦਾ। ਨਾੜ ਜਾਂ ਪਰਾਲ਼ੀ ਨੂੰ ਸਾੜਨ ਤੋਂ ਰੋਕਣਾ ਸਰਕਾਰ ਅਤੇ ਕਿਸਾਨਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਤੇ ਇਹ ਸਭ ਇੱਕ ਦੂਜੇ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।







ਸੰਤ ਜਰਨੈਲ ਸਿੰਘ ਭਿੰਡਰਾਂਵਾਲੇ
ਜਨਰਲ ਸੁਬੇਗ ਸਿੰਘ
ਭਾਈ ਅਮਰੀਕ ਸਿੰਘ
ਸ਼ਹੀਦ ਭਾਈ ਦੀਪ ਸਿੱਧੂ
VOTE
&
SUPPORT
ਹਲਕਾ
ਸੰਗਰੂਰ
ਹਲਕਾ
ਖਡੂਰ ਸਾਹਿਬ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਸਿਮਰਨਜੀਤ ਸਿੰਘ ਮਾਨ
ਭਾਈ ਅੰਮ੍ਰਿਤਪਾਲ ਸਿੰਘ
ਜਾਰੀ ਕਰਤਾ
SUMPREET SINGH
JK TYRE
2955 N WILSON WAY STOCKTON, CA 95205
+1 (510) 766-9382

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com



web -www.globaltruckpermits.com
email -info@globaltruckpermits.com

# ਸਾਰੀਆਂ ਸੇਵਾਵਾਂ ਇੱਕੋ ਥਾਂ

## GLOBAL TRUCK PERMITS

## ਕੈਲੇਫੋਰਨੀਆ ਅੰਦਰ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



"ਸਾਡਾ ਇਸ ਕੰਮ ਵਿਚ 18 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ

Cell : (510) 557-6988 | Ph : 209-636-0880

Address: 159 Darcy Pkwy Lathrop CA 95330

# ਮਜ਼ਦੂਰ ਬੜਾ ਮਜਬੂਰ

ਕਿਧਰੇ ਜਦ ਵੀ ਨਜ਼ਰੀਂ ਪੈਂਦਾ,
ਮੈਨੂੰ ਕੋਈ ਮਜ਼ਦੂਰ।
ਹਾਲਤ ਉਹਦੀ ਵੇਖ ਕੇ ਮੈਨੂੰ,
ਜਾਪੇ ਉਹ ਮਜਬੂਰ।
ਦੇਸ਼ ਮੇਰੇ ਦੀ ਹਾਲਤ ਲੱਗਦੀ,
ਕਿੰਨੀ ਹੋਈ ਕਰੂਰ।
ਕਿਰਤੀ ਬੰਦੇ ਦੀਆਂ ਅੱਖਾਂ 'ਚੋਂ,
ਗੁੰਮ ਹੋ ਗਿਆ ਨੂਰ।
ਵੇਖ ਕੇ ਕਿਰਤੀ ਦੀ ਮਜਬੂਰੀ,
ਸਕਦਾਂ ਕੇਵਲ ਝੂਰ।
ਦੂਜੇ ਪਾਸੇ ਦੇਸ਼ ਦਾ ਨੇਤਾ,
ਡੁੱਬਿਆ ਵਿੱਚ ਸਰੂਰ।
ਕਿਹੜਾ ਏਥੇ ਲੋਕਰਾਜ ਹੈ,
ਕਾਹਦਾ ਹੈ ਦਸਤੂਰ।
ਕਿਰਤੀ ਦੀ ਕੋਈ ਬਾਤ ਨਾ ਪੁੱਛੇ,
ਲੋਟੂ ਹੈ ਮਸ਼ਹੂਰ।
ਭਾਈ ਲਾਲੋ ਦਾ ਯੁੱਗ ਰਿਹਾ ਨਾ,
ਭਾਗੋ ਹੈ ਮਗ਼ਰੂਰ।
ਮਈ ਦਿਵਸ ਤੇ ਸਭ,
ਕਾਮੇ ਦੀ ਕਰਦੇ ਗੱਲ ਜ਼ਰੂਰ।



ਸਾਂਝੀ ਸੋਚ
ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਹਕੀਕਤ

*–ਗਲਤੀ ਕੱਢਣ ਲਈ ਦਿਮਾਗ ਚਾਹੀਦਾ ਹੈ ਪਰ ਗਲਤੀ ਕਬੂਲ ਕਰਨ ਲਈ ਜਿਗਰਾ।
*–ਮਨੁੱਖ ਪਦਾਰਥਾਂ ਨਾਲ ਨਹੀਂ ਰਜਦਾ, ਸੰਤੋਖ ਨਾਲ ਰਜਦਾ ਹੈ।
*–ਸੱਚ ਕੁੱਝ ਸਮੇਂ ਲਈ ਪ੍ਰੇਸ਼ਾਨ ਹੋ ਸਕਦਾ ਹੈ ਪਰ ਹਾਰ ਨਹੀਂ ਸਕਦਾ।
*–ਦਿਲਾਂ ਦੀਆਂ ਇਮਾਰਤਾਂ ਚ ਬੰਦਗੀ ਨਹੀਂ, ਪੱਥਰਾਂ ਦੀਆਂ ਇਮਾਰਤਾਂ ਚ ਖੁਦਾ ਲੱਭਦੇ ਨੇ ਲੋਕ।
*–ਜਦ ਤੱਕ ਆਪਾਂ ਘਰ ਤੋਂ ਬਾਹਰ ਨਾ ਨਿਕਲੀਏ ਉਦੋਂ ਤੱਕ ਦੁਨੀਆਂ ਦਾ ਪਤਾ ਨਹੀਂ ਲੱਗਦਾ।
*–ਜੋ ਸਬਕ ਤੁਸੀਂ ਘਰ ਬੈਠ ਕੇ ਕਿਤਾਬਾਂ ਤੋਂ ਨਹੀਂ ਸਿੱਖ ਸਕਦੇ ਉਹ ਸਬਕ ਦੁਨੀਆਂ ਤੁਹਾਨੂੰ ਅਸਾਨੀ ਨਾਲ ਸਿਖਾ ਦਿੰਦੀ ਹੈ।
*–ਦੇਸਾਂ ਦੀ ਆਪਣੀ ਗਲਬਾਤ, ਅਮਰੀਕਾ–ਸਾਡੇ ਕੁੱਤੇ ਫੁੱਟਬਾਲ ਖੇਡਦੇ ਨੇ, ਜਪਾਨ–ਸਾਡੀਆਂ ਮੱਛੀਆਂ ਡਾਂਸ ਕਰਦੀਆਂ ਨੇ, ਚੀਨ–ਸਾਡੇ ਹਾਥੀ ਸਾਇਕਲ ਚਲਾਉਂਦੇ ਨੇ, ਸ੍ਰੀ ਲੰਕਾ–ਸਾਡੇ ਕੁੱਤਿਆਂ ਬਿਲੀਆਂ ਦੇ ਗਲਾਂ ਚ ਸੋਨੇ ਦੇ ਗਹਿਣੇ ਹੁੰਦੇ ਨੇ, ਭਾਰਤ–ਸਾਡੇ ਗਧੇ ਦੇਸ਼ ਚਲਾਉਂਦੇ ਨੇ।
*–ਜਿਹੜਾ ਤੁਹਾਡੀ ਹਰ ਗਲ ਚ ਹਾਂਜੀ ਹਾਂਜੀ ਦੀ ਹਾਮੀ ਭਰੇ ਉਸ ਢੋਂਗੀ ਤੋਂ ਦੂਰ ਰਹੋ।
*–ਜਿਹੜਾ ਤੁਹਾਡੀ ਬਿਨਾਂ ਮੱਲੱਬ ਤੋਂ ਚਾਪਲੂਸੀ ਕਰੇ ਉਸ ਖੁਸ਼ਾਮਦੀ ਤੋਂ ਦੂਰ ਰਹੋ।
*–ਜਿਹੜੀ ਗੱਲ ਬਾਤ ਤੁਹਾਨੂੰ ਨਿੰਦਕ ਬਣਾਵੇ ਉਸ ਗੱਲ ਬਾਤ ਤੋਂ ਵੀ ਦੂਰ ਰਹੋ।
*–ਜਿਥੇ ਹੋਵੇ ਨਾ ਗਲ ਗੁਰੂ ਗ੍ਰੰਥ ਸਾਹਿਬ ਜੀ ਦੀ ਉਸ ਧਾਰਮਿਕ ਅਸਥਾਨ ਤੋਂ ਦੂਰ ਰਹੋ।
*–ਜਿਹੜੇ ਕਹਿਣੀ ਤੇ ਕਰਨੀ ਦੇ ਨਾ ਹੋਣ ਪੂਰੇ ਉਹਨਾਂ ਤੋਂ ਦੂਰ ਰਹੋ।
*–ਡੁੱਬਦਾ ਹੈ ਤਾਂ ਪਾਣੀ ਨੂੰ ਦੋਸ਼ ਦਿੰਦਾ ਹੈ, ਡਿੱਗਦਾ ਹੈ ਤਾਂ ਪੱਥਰ ਨੂੰ ਦੋਸ਼ ਦਿੰਦਾ ਹੈ, ਬੰਦਾ ਵੀ ਕਿੰਨਾ ਅਜੀਬ ਹੈ ਜੇ ਕੁੱਝ ਕਰ ਨਹੀਂ ਪਾਉਂਦਾ ਤਾਂ ਕਿਸਮਤ ਨੂੰ ਦੋਸ਼ ਦਿੰਦਾ ਹੈ।



Paramjit Singh Sekhon (Dakha)
President, Dal Khalsa Alliance
1700 Shattuck Ave, # 303 Berkeley CA 94709. (510)774 5909.
A Nonprofit Organization Dedicated to Public Awareness

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਸ਼੍ਰੋਮਣੀ ਅਕਾਲੀ ਦਲ
VOTE & SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ਼੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ਼੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ਼੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
SHER SINGH CHUHAN

# ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



## Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

**ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ**
**ਤਜ਼ਰਬਾ ਘੱਟੋ-ਘੱਟ 1 ਸਾਲ**
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

**ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ**

**ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ**
**ਫੋਨ : (559) 653-8130, 774-243-4154**

**SmartWay Express 3545 Date Avenue Fresno, CA 93725**
**ਈ-ਮੇਲ: newtrucks@smartwayexp.com**

# ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




## e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




**ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।**

ਦੀਪ ਦੇਵਿੰਦਰ ਸਿੰਘ
98721-65707



# ਹਾੜੀ ਵਢੂੰਗੀ ਬਰਾਬਰ ਤੇਰੇ

ਜਦੋਂ ਅਕਾਸ਼ਵਾਣੀ ਤੋਂ ਦਿਨ ਢਲੇ ਠੰਡੂ ਰਾਮ ਹੁਰਾਂ ਦੀ ਜੁਗਲਬੰਦੀ ਦੇ ਸਿਲਸਿਲੇ ’ਚ ਰੇਡੀਓ ਤੇ ‘ਹਾੜੀ ਵੱਢੂੰਗੀ ਬਰਾਬਰ ਤੇਰੇ, ਦਾਤੀ ਨੂੰ ਲਵਾ ਦੇ ਘੁੰਗਰੂ '....ਗੀਤ ਵੱਜਦਾ ਹੁੰਦਾ ਸੀ ਤਾਂ ਵਿਹੜੇ ’ਚ ਨਵੀਂ ਫਸਲ ਦੀ ਆਮਦ ਦੇ ਚਾਅ ’ਚ ਘਰ ਦੇ ਨਿੱਕੇ-ਮੋਟੇ ਆਹਰ ’ਚ ਜੁਟੀ ਸੁਆਣੀ ਦੇ ਚਿਹਰੇ ’ਤੇ ਨਿਖਾਰ ਆ ਜਾਂਦਾ ਸੀ। ਨਵੇਂ ਦਾਣਿਆਂ ਦਾ ਚਾਅ ਕਿਰਸਾਨੀ ਪਰਿਵਾਰਾਂ ਦੇ ਨਾਲ-ਨਾਲ ਪਿੰਡ ’ਚ ਹੋਰਨਾਂ ਕਿੱਤਿਆਂ ਨਾਲ ਜੁੜੇ ਲੋਕਾਂ ਦਾ ਚਾਅ ਵੀ ਸਾਂਭਿਆ ਨਹੀਂ ਸੀ ਜਾਂਦਾ।

ਤਾਰਿਆਂ ਦੀ ਲੋਏ ਗ੍ਰੰਥੀ ਹਜ਼ਾਰਾ ਸਿੰਹੁ ਦੀ ਨਿੰਮੀ-ਨਿੰਮੀ ਮੰਤਰ-ਮੁਗਧ ਕਰਦੀ ਅਵਾਜ਼ ’ਚ ਪਹੁ ਫੁਟਾਲੇ ਤੋਂ ਪਹਿਲਾਂ ਪਾਲਾਂ ਦੀਆਂ ਪਾਲਾਂ ਗਭਰੂ ਕਾਮੇ ਸੋਨ-ਸੁਨਹਿਰੀ ਭਾਹਾਂ ਮਾਰਦੇ ਖੇਤਾਂ ਵੱਲ ਵਹੀਰਾਂ ਘੱਤਦੇ ਹੁੰਦੇ ਸਨ ਤੇ ਪੱਕੀਆਂ ਕਣਕਾਂ ਵੱਢਣ, ਬੰਨ੍ਹਣ ਤੇ ਗਾਹੁਣ ਦੇ ਆਹਰ ’ਚ ਜੁਟ ਜਾਂਦੇ ਸਨ। ਕਣਕਾਂ ਨੂੰ ਦਾਤਰੀ ਪੈਂਦੀ। ਸਚਿਆਰੇ ਹੱਥ ਜੀਆ-ਜੰਤ ਤੇ ਮਾਲ ਡੰਗਰ ਲਈ ਵਰ੍ਹੇ ਭਰ ਦੇ ਖਾਧ-ਪਦਾਰਥਾਂ ਦੇ ਜੁਗਾੜ ਲਈ ਜੁਟ ਜਾਂਦੇ ਸਨ।

ਧਰਤੀ ਮਾਂ ਦੇ ਸੀਨੇ ਤੇ ਉੱਗਿਆ ਰਿਜ਼ਕ ਦਾ ਤੀਲ੍ਹਾ-ਤੀਲ੍ਹਾ ਸਲੀਕੇ ਨਾਲ ਸਾਂਭਿਆ ਜਾਂਦਾ ਸੀ। ਅੱਕਣ-ਥੱਕਣ ਉਨ੍ਹਾਂ ਮਿਹਨਤ ਕਸ਼ਾਂ ਦੇ ਨੇੜੇ-ਤੇੜੇ ਨਹੀਂ ਸੀ ਢੁਕਦਾ। ਪੱਕੀਆਂ ਕਣਕਾਂ ਦੀ ਵਾਢੀ ਕਰਦਿਆਂ ਹਾਸੇ-ਠੱਠੇ ਤੇ ਦੁੱਖ-ਸੁੱਖ ਦੀਆਂ ਗੱਲਾਂ ਹੁੰਦੀਆਂ। ਬੱਬੇਹਾਲੀ ਦੀ ਛਿੰਝ ’ਚ ਘੁਲਦੇ ਭਲਵਾਨਾਂ ਦਾ ਜ਼ਿਕਰ ਹੁੰਦਾ ਤੇ ਕਦੀ ਜੱਗਾ ਜੱਟ, ਜਿਊਣਾ ਮੌੜ ਜਾਂ ਦੁੱਲੇ ਭੱਟੀ ਵਰਗੀਆਂ ਲੋਕ-ਗਥਾਵਾਂ ਵੀ ਛਿੜਦੀਆਂ। ਛੋਹਲੇ ਹੱਥੀਂ ਕੰਮ ਨਬੇੜਦਿਆਂ ਹੁੰਦੀ ਇਹ ਚੁੰਝ-ਚਰਚਾ ਵਿਰਾਸਤੀ ਮਹਿਫ਼ਲ ਹੋ ਨਿੱਬੜਦੀ ਸੀ।

ਕਣਕਾਂ ਅੱਜ ਵੀ ਪੱਕਦੀਆਂ ਨੇ ਪਰ ਉਨ੍ਹਾਂ ਦੀ ਸਾਂਭ-ਸੰਭਾਲ ਲਈ ਪਿੰਡ ਦੀ ਜੀਵਨਸ਼ੈਲੀ ਨੂੰ ਕੋਈ ਫ਼ਰਕ ਨਹੀਂ ਪੈਂਦਾ। ਬਾਗਾਂ ’ਚ ਬਹਾਰਾਂ ਪਹਿਲਾਂ ਵਾਂਗ ਹੀ ਉਤਰਦੀਆਂ ਨੇ। ਅੰਬੀਆਂ ਦੇ ਬੂਟਿਆਂ ਨੂੰ ਬੂਰ ਵੀ ਆਪਣੇ ਵੇਲੇ ਨਾਲ ਪਹਿਲਾਂ ਵਾਂਗ ਹੀ ਪੈਂਦਾ ਤੇ ਕੋਇਲ ਦੀ ਮੱਠੀ-ਮੱਠੀ ਹੂਕ ਵੀ ਉਂਝ ਹੀ ਸੁਣਨ ਨੂੰ ਮਿਲਦੀ ਹੈ। ਕੁਦਰਤ ਤਾਂ ਰੱਤੀ ਭਰ ਵੀ ਨਹੀਂ ਬਦਲੀ। ਪਰ ਅੰਨ-ਦਾਤਾ ਹੁਣ ਪਹਿਲਾਂ ਵਰਗਾ ਨਹੀਂ ਰਿਹਾ। ਹੁਣ ਉਹਦੇ ਘਰ ਦੀ ਤ੍ਰੀਮਤ ਨੂੰ "ਬਰਾਬਰ ਬਹਿ ਕੇ ਹਾੜੀ ਵੱਢਣ" ਨਾਲੋਂ ਚੁੱਪ-ਚੁੱਪ ਰਹਿੰਦੇ ਆਪਣੇ ਸਿਰ ਦੇ ਸਾਈਂ ਦੀ ਬਹੁਤੀ ਚਿੰਤਾ ਰਹਿੰਦੀ ਹੈ ਕਿਉਂਕਿ ਲੋਕ ਗੀਤਾਂ ਵਿਚ ‘ਜੱਟੀ ਪੰਦਰ੍ਹਾਂ ਮੁਰੱਬਿਆਂ ਵਾਲੀ’ ਕਹਾਉਣ ਵਾਲੀ ਦੇ ਉਪਜਾਊ ਖੇਤਾਂ ’ਚ ਪਤਾ ਨਹੀਂ ਕਿੰਝ ਚੁੱਪ-ਚੁਪੀਤੇ ਸਲਫ਼ਾਸ ਉੱਗਣ ਲਗ ਪਈ ਐ। ਘਰ ਦੀ ਸੁਆਣੀ ਨੂੰ ਤਾਂ ਸਮਝ ਹੀ ਨਹੀਂ ਪਈ ਕਿ ਸ਼ਹਿਰ ਦੀ ਮੰਡੀ ’ਚ ਫ਼ਸਲ ਵੇਚਣ ਗਏ ਸਰਦਾਰ ਨੂੰ ਤਾਂ ਉਹ ਚੁੱਲੇ-ਚੌਂਕੇ ਦੇ ਨਿੱਕ-ਸੁੱਕ ਦਾ ਰੁੱਕਾ ਹੀ ਲਿਖ ਕੇ ਦਿੰਦੀ ਰਹੀ ਐ ਫਿਰ ਚਹੁੰ ਜਣਿਆਂ ਦੇ ਮੋਢਿਆਂ ’ਤੇ ਚੜ੍ਹ ਕੇ ਘਰ ਆਏ ਸਰਦਾਰ ਦੇ ਗਲ ਪਾਏ ਕੁੜਤੇ ਦੀ ਵੱਖੀ ਵਾਲੀ ਜੇਬ ਵਿੱਚੋਂ ਸਲਫਾਸ ਦੀ ਖਾਲੀ ਡੱਬੀ ਕਿਥੋਂ ਆ ਗਈ।

ਹੁਣ ਨਹੀਂ ਕੋਈ ਬੰਨਦਾ ਵਿਸਾਖੀ ਵਾਲੇ ਦਿਨ ਘਰ ਦੀਆਂ ਬਰੂਹਾਂ ਤੇ ਨਵੀਂ ਕਣਕ ਦੇ ਸਿੱਟੇ। ਪਿੰਡੋਂ ਬਾਹਰਲੀ ਫਿਰਨੀ ਤੇ ਬੈਂਕ ਦੇ ਕਰਜੇ ਨਾਲ ਬਣੀ ਦੋ ਮੰਜਲੀ ਕੋਠੀ ਦੇ ਅੱਠ-ਅੱਠ ਫੁੱਟ ਉੱਚੇ ਦਰਵਾਜ਼ਿਆਂ ਦੀ ਸਰਦਲ ਬਜੁਰਗ ਦਾਦੀ ਦੀ ਪਹੁੰਚ ਤੋਂ ਕਿਤੇ ਦੂਰ ਹੋ ਗਈ ਹੈ । ਪਿੰਡ ਦੇ ਸਰਕਾਰੀ ਡਿਪੂ ਵਿੱਚ ਦਾਦੀ ਦਾ ਅੰਗੂਠਾ ਲਾ ਕੇ ਮਿਲਦੀ ਮੁਫਤ ਦੇ ਭਾਅ ਕਣਕ ਨੇ ਹੁਣ ਘਰ ਆਏ ਦੀਆਂ ਝੋਲੀਆਂ ਭਰ ਕੇ ਤੋਰਨ ਵਾਲੀ ਸੁਆਣੀ ਨੂੰ ਲੋੜਵੰਦਾਂ ਦੀ ਪਾਲ 'ਚ ਜਰੂਰ ਖੜ੍ਹੇ ਕਰਤਾ।

ਇਸ ਖਿੱਤੇ ਦੇ ਅਣਖੀ, ਮਿਹਨਤੀ ਤੇ ਬਹਾਦਰ ਲੋਕਾਂ ਦੀ ਚਰਚਾ ਤਾਂ ਪੂਰੀ ਦੁਨੀਆਂ ’ਚ ਛਿੜਦੀ ਐ। ਇੰਨ੍ਹਾਂ ਦੇ ਹੀ ਵੱਡੇ ਵਡੇਰਿਆਂ ਨੇ ਕਿਸੇ ਸਮੇਂ ਸਾਂਦਲਬਾਰ, ਗੰਜੀਬਾਰ ਤੇ ਨੀਲੀ ਬਾਰ ਦੇ ਜੰਗਲੀ ਇਲਾਕੇ ਆਬਾਦ ਕੀਤੇ ਸਨ। ਯੂ.ਪੀ. ਦੇ ਕਈ ਜ਼ਿਲ੍ਹਿਆਂ ’ਚ ਉੱਗੀ ਦੱਭ, ਕਾਹੀ ਤੇ ਸਰਕੰਡਿਆਂ ਨੂੰ ਮੁੱਢੋਂ ਪੁੱਟ ਕੇ ਸਦੀਆਂ ਤੋਂ ਪਈ ਬੰਜਰ-ਬੀਆਬਾਨ ਜ਼ਮੀਨ ਨੂੰ ਵਾਹੀਯੋਗ ਬਣਾ ਦਿੱਤਾ ਸੀ। ਵੱਡੀ ਨਹਿਰ ’ਚੋਂ ਨਿਕਲਦੇ ਸੂਏ ਦਾ ਨੱਕਾ ਵੀ ਤਾਂ ਇੰਨ੍ਹਾਂ ਆਪ ਆਪਣੇ ਮੋਢੇ ’ਤੇ ਰੱਖੀ ਕਹੀ ਨਾਲ ਆਪਣੇ ਜਰਖੇਜ਼ ਖੇਤਾਂ ਨੂੰ ਮੋੜਿਆ ਸੀ ਤੇ ਭੁੱਖਮਰੀ ਦਾ ਸ਼ਿਕਾਰ ਰਹਿੰਦੇ ਇਸ ਦੇਸ਼ ਦੇ ਅੰਨ-ਭੰਡਾਰ ਨੱਕੋ-ਨੱਕ ਭਰ ਦਿੱਤੇ ਸਨ।

ਪੰਜਾਂ ਦਰਿਆਵਾਂ ਦਾ ਕਲ-ਕਲ ਕਰਦਾ ਚਾਂਦੀ ਰੰਗਾ ਪਾਣੀ ਤਾਂ ਇੱਥੋਂ ਦੀ ਤਪਸ਼ ਮਾਰੀ ਜ਼ਮੀਨ ਨੂੰ ਸਿੰਜਦਾ ਸੀ , ਪਰ ਰਾਤ ਦੇ ਘੁੱਪ-ਹਨੇਰੇ ’ਚ ਘਰ ਦੇ ਕਿਸੇ ਜੀਅ ਨੂੰ ਚਿੱਤ-ਚੇਤਾ ਵੀ ਨਹੀਂ ਹੁੰਦਾ, ਜਦੋਂ ਪਰਿਵਾਰ ਦਾ ਮੋਢੀ ਸਿਰ ਚੜ੍ਹੀ ਕਰਜੇ ਦੀ ਪੰਡ ਦਾ ਭਾਰ ਨਾ ਸਹਿੰਦੀਆਂ ਗੜੰਮ ਕਰਕੇ ਖੌਰੂ ਪਾਉਂਦੇ ਪਾਣੀ ’ਚ ਛਾਲ ਜਾ ਮਾਰਦਾ ਤਾਂ ਸਮਝ ਨਹੀਂ ਆਉਂਦੀ ਕਿ ਮਰਨ ਵਾਲਾ ਆਪਣੇ ਪਿਛਲਿਆਂ ਤੋਂ ਇੰਨਾ ਨਿਰਮੋਹਾ ਕਿੰਝ ਹੋਣ ਲੱਗ ਪਿਆ। ਆਪਣੀਆਂ ਆਂਦਰਾਂ ਤਾਂ ਦੂਰ ਦੀ ਗੱਲ, ਵੈਰੀ-ਦੁਸ਼ਮਣ ਦੇ ਬੱਚੇ ਨੂੰ ਵੀ ਯਤੀਮ ਹੋਇਆਂ ਵੇਖ ਇਹਦਾ ਤਾਂ ਕਾਲਜਾ ਫਟਦਾ ਹੁੰਦਾ ਸੀ।

ਘਰ ਵਿੱਚ ਜਦੋਂ ਤੰਗੀ-ਤੁਰਸ਼ੀ ਆਉਂਦੀ ਹੈ ਤਾਂ ਘਰ ਦੀ ਸੁਆਣੀ ਹਮੇਸ਼ਾਂ ਨਾਲ ਖੜਦੀ ਹੈ ਬੰਦੇ ਦੇ । ਅਜਿਹੇ ਵੇਲੇ ਧੀਆਂ-ਪੁੱਤਰ ਤੇ ਬੁੱਢੇ ਮਾਂ-ਬਾਪ ਘਰ ਦੇ ਮੁਖੀ ਤੋਂ ਕਦੀ ਵੀ ਪਿੱਠ ਨਹੀਂ ਭਵਾਉਂਦੇ। ਵਿਹੜੇ 'ਚ ਵਿਛੀ ਦਰੀ ਉਤੇ ਦੁੱਖ ਸੁੱਖ ਵੇਲੇ ਅਜ ਵੀ ਪਿੰਡ ਦੀ ਫਿਰਨੀ ਦੇ ਅੰਦਰ ਵੱਸਦੇ ਲੋਕ ਕੋਲ ਆ ਕੇ ਬਹਿੰਦੇ ਨੇ।

ਵਾਰਾਂ ਗਾਉਂਦੇ ਢਾਡੀ ਕਹਿੰਦੇ ਹੁੰਦੇ ਐ ‘ਇੱਕ ਮੁੱਠ ਛੋਲਿਆਂ ਦੀ, ਖਾ ਕੇ ਤੇਰੇ ਲੰਗਰਾਂ ’ਚੋਂ, ਘੂਰ-ਘੂਰ ਮੌਤ ਨੂੰ ਡਰਾਵੇ ਤੇਰਾ ਖਾਲਸਾ’। ਕਣਕਾਂ ਤਾਂ ਉਸ ਵੇਲੇ ਵੀ ਇੰਝ ਹੀ ਪੱਕੀਆਂ ਖੜੀਆਂ ਸਨ, ਜਦੋਂ ਅਨੰਦਪੁਰ ਦੀ ਠੇਰੀ ਤੋਂ ਗੁਰੂ ਕਲਗੀਆਂ ਵਾਲੇ ਨੇ ਨਿਤਾਣੇ ਲੋਕਾਂ ਲਈ ਲੜਣ ਤੇ ਮਰਨ ਦੀ ਨਵੀਂ ਪਿਰਤ ਪਾਈ ਸੀ। ਗੁਰੂਆਂ, ਪੀਰਾਂ, ਦੁੱਲਿਆਂ ਤੇ ਬੁੱਲ੍ਹਿਆਂ ਦੀ ਇਸ ਧਰਤੀ ’ਤੇ ਆਤਮ ਹੱਤਿਆ ਵਰਗੀ ਕਾਇਰਤਾ ਸ਼ੋਭਾ ਨਹੀਂ ਦਿੰਦੀ। ਅਸੀਂ ਤਾਂ ਗੁਰਬਤ ਦੇ ਦਿਨਾਂ ’ਚ ਵੀ ਦਮਾਮੇ ਮਾਰਦੇ ਤੇ ਮੇਲਾ ਲੁੱਟਣ ਵਾਲੇ ਲੋਕ ਹਾਂ।

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
ACCEPTED HERE
VISA MasterCard AMERICAN EXPRESS DISCOVER NETWORK
We Provide Towing & 24/7 Mobile Road Services For All Autos, Trucks & Trailers
Open Monday to Saturday
Com-Check T-Check EFS Check





1003 Moffat Blvd, Manteca CA 95336
209-239-1551

E-MAIL:SALES@ezeldsolutions.com



# EZ ELD SOLUTIONS
LOGBOOKS MADE EASY

# TRACK YOUR TRUCK WITH
# EZ TRUCK SOLUTION

**ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ**

**ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ**

## FMCSA Complaint & Affordable

The Power of telematics in the palm of your hand
Compliance | Asset Tracking | Management

**$100** HARDWARE
**ONE-TIME FEE**



**$20** MONTHLY
**SUBSCRIPTION**



24/7 TECHNICAL SUPPORT IN
**ENGLISH,SPANISH AND PUNJABI.**

**CALL NOW +1 (800) 556-7105**

Official Address : 2301 W Belmont ave, Fresno, CA 93727


One Auto Repair
a1aurtorepair4@yahoo.com
ਏ ਵਨ ਆਟੋ ਰਿਪੇਅਰ ਸ਼ਾਪ
Tune up
Oil change
Transmission
Brakes
Engine
ਬ੍ਰੈਕ ਰਿਪੇਅਰ
ਆਇਲ ਬਦਲਣਾ
ਕਾਰਾਂ ਦੀ ਡਾਇਗਨੋਸਿਸ
ਟਿਊਨਅਪ
ਟ੍ਰਾਂਸਮਿਸਨਾਂ ਦਾ ਕੰਮ ਤੱਸਲੀਬਖਸ਼
24 ਘੰਟੇ ਉਪਲੱਬਧ
ਹਰ ਤਰ੍ਹਾਂ ਦੀ ਆਟੋ ਰਿਪੇਅਰ ਦਾ ਕੰਮ ਤੱਸਲੀਬਖਸ਼
ਫੋਰਗਨ ਅਤੇ ਡੋਮੇਸਟਿਕ ਕਾਰਾਂ ਦੀ ਰਿਪੇਅਰ
ਆਪਣੀਆਂ ਕਾਰਾਂ ਦੇ ਤੱਸਲੀਬਖਸ਼ ਰਿਪੇਅਰ ਲਈ ਪ੍ਰਦੀਪ ਸਿੰਘ ਨਾਲ
ਕਿਸੇ ਵੇਲੇ ਵੀ ਸੰਪਰਕ ਕਰ ਸਦਕੇ ਹੋਂ।
2213 Rockefeller Dr. Ste.D Ceres CA 95307
PH : (209) 537-5081, CELL : (209) 604-0354

ARES REALTY
Residential | Commercial | Investment

Thinking
Of Selling Or
Buying A Home ?



ਘਰ ਜਾਂ Business ਵੇਚਣਾ ਜਾਂ ਖਰੀਦਣਾ ਹੋਵੇ

Residential | Commercial | Industrial | Raw land

ਜਿਵੇਂ :Farm House ,Liquor Stores ,Gas Stations
ਹਰ ਤਰ੍ਹਾਂ ਦੇ Apartments, Buildings Car Wash,
Truck Wash ਜਾਂ Gas Pumps ਵਰਗੀਆਂ ਪ੍ਰੋਪਰਟੀਜ਼

ਖਰੀਦਣ ਜਾਂ ਵੇਚਣ ਦੇ ਚਾਹਵਾਨ ਇੱਕ ਵਾਰ ਸਾਨੂੰ ਮਿਲੋ - ARES REALTY

Broker | Realtor | Mortgage Loan Originator : Tony Singh : (916) 519-7009 License ID: 01901843

REALTOR

Jassi Avtar : (916) 335-3760 License ID: 02192444
Alex Singh : (916) 582-4394 License ID: 02191925
Rupinder Dhaliwal ( Ruby ): (916) 764-2859 License ID: 01461487
Amarbir Takhar : (209) 277-9200 License ID: 02225690
Harpreet Singh : (510) 589-8409 License ID: 02194943
Roseleen Kumar : (916)802-4833 License ID: 02028063

OFFICE MANAGER | MARKETING DIRECTOR Sadie EL Ibrahimi : (916)-829-4200 | E-FAX : (916) 367-6756

TRS Constructions

ਘਰ ਵੇਚਣਾ ਹੋਵੇ, ਖ਼ਰੀਦਣਾ ਹੋਵੇ ਜਾਂ ਹੋਣ ਵਾਲੀ ਹੈ ਤੁਹਾਡੇ ਘਰ ਦੀ ਮੁਰੰਮਤ

ਅਸੀਂ ਘਰ ਦੀ ਸਾਰੀ Repair ਤੇ Re -Modelling ਕਰਦੇ ਹਾਂ | Without Any Money Out Of Your Pocket

ਤੁਸੀਂ ਇੱਕ ਵੀ ਪੈਸਾ ਨਹੀਂ ਦਿਓਗੇ TRS Constructions ਨੂੰ ਤੁਹਾਡੀ Sale ਦੇ ਵਿੱਚੋਂ Pay ਹੋ ਜਾਣਗੇ

ਵਧੇਰੇ ਜਾਣਕਾਰੀ ਜਾਂ ਕਿਸੇ ਵੀ ਤਰ੍ਹਾਂ ਦੀ Quiry ਲਈ ਕਾਲ : Tony Singh : (916) 519-7009 Loan Contractor License ID: 01901843

Gillson
TRUCKING INC



# NOW Hiring
# Truck Drivers
# Class A CDL

- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight

## Skills:

- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

## Responsibilities:

- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

## Pay:

- Between **$80,000.00 - $120,000.00** per year
- Average pay: **$0.50- $0.60** cents/mile
- Weekly direct deposits
- Bonuses for clean inspections
- High mileage bonuses

## Newer Equipment:

Freightliner and Volvo 2020 and present
Reset pay away from Terminals- Stockton, CA and Dayton, Ohio

- Flexible Home Time
- Pet Friendly
- Rider Policy

## Health Benefits:

- Health
- Dental
- Vision



## Where to Apply

It's on our website the link under apply now. Please copy it here and then we would to have all.

**Apply Here:**

https://intelliapp.driverapponline.com/c/gillson?uri_b=ia_gillson_2058382794

## Contact:

1801 E Dr. Martin Luther King Jr. Blvd, Stockton, CA 95205
925-400-9094 | ext.116, ext.130 and ext.144
info@teamgillson.com

## Get in Touch:

gillsontrucking
gillsontrucking
company/gillsontrucking
www.teamgillson.com



# GINNY BEDI LAW PC



Ginny Bedi Attorney

- ★ Immigration
- ★ Divorce
- ★ Custody and Support issues
- ★ Business Disputes
- ★ Living Trusts
- ★ Criminal Matters
- ★ Misdemeanors
- ★ DUI

ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।

**255 N Market St Ste 150 San Jose CA 95110**

Tel: (408) 800-0242 Fax: (408) 800-0240, Mobile: (408) 802-2501

Email: ginny@ginnybedilaw.com Web: www.ginnybedilaw.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Star India
SWEETS AND CATERING
VEG AND NON-VEG
Entrees
DESSERTS
APPETIZERS
BEVERAGES
SIDES ETC.
RENOWNED CHEFS
HIGH QUALITY INGREDIENTS
ਵਿਆਹ - ਸ਼ਾਦੀਆਂ ਜਾਂ ਪਾਰਟੀਆਂ ਲਈ 2000 ਬੰਦਿਆਂ ਦੀ ਕੇਟਰਿੰਗ ਦਾ ਵੀ ਖਾਸ ਪ੍ਰਬੰਧ
ਦੇਸੀ ਘੀ ਦੀਆਂ ਸਵਾਦਿਸ਼ਟ ਤੇ ਤਾਜ਼ੀਆਂ ਮਠਿਆਈਆਂ ਖ਼ਾਸ ਮੌਕਿਆਂ ਲਈ
ORDERS ਤੇ ਕਰਵਾਓ ਤਿਆਰ
DINE IN AND TO GO ORDERS ALSO AVAILABLE
ਹਫ਼ਤੇ ਦੇ 7 ਤੇ ਦਿਨ ਖੁੱਲਾ : 10am-9pm
PHONE NUMBER:
(209) 629-8511, (209)858-1380
CELL ( ASHOK VERMA) (209) 681-5171
Address :- 209 E Louise Ave, Lathrop, CA , 95330